ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥

# ਸੰਗੀਤ ਸਾਗਰ



ਰਾਗੀ ਜਸਵੰਤ ਸਿੰਘ ਜੀ 'ਤੀਬਰ'

# ਸੰਗੀਤ ਸਾਗਰ

*ਦਮਦਮੀ ਟਕਸਾਲ ਵੱਲੋਂ ਪ੍ਰਕਾਸ਼ਿਤ ਹੋਰ ਪੁਸਤਕਾਂ ਦਾ ਵੇਰਵਾ :*

੧. **ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ (ਪਹਿਲੀ ਪੋਥੀ)**—ਸ੍ਰੀ ਜਪੁਜੀ ਸਾਹਿਬ, ਸ੍ਰੀ ਰਹਰਾਸਿ ਸਾਹਿਬ ਤੇ ਸ੍ਰੀ ਕੀਰਤਨ ਸੋਹਿਲਾ ਦੀ ਵਿਆਖਿਆ ਸਹਿਤ ਵੀਚਾਰ।

੨. **ਗੁਰਬਾਣੀ ਪਾਠ ਦਰਪਣ**—ਗੁਰਮਤਿ ਸੰਸਕਾਰ, ਪਾਠਾਂ ਦੀ ਮਰਯਾਦਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਹੋਏ ਕਠਿਨ ਪਾਠਾਂ ਦਾ ਸ਼ੁੱਧ ਉਚਾਰਨ।

੩. **ਸ੍ਰੀ ਗੁਰਮੁਖ ਪ੍ਰਕਾਸ਼ (ਕਵਿਤਾ ਵਿਚ)**—ਦਸਾਂ ਪਾਤਿਸ਼ਾਹੀਆਂ ਦਾ ਸੰਖੇਪ ਜੀਵਨ, ਸਿੱਖ ਇਤਿਹਾਸ ਅਤੇ ਬ੍ਰਹਮ ਗਿਆਨੀ ਸੰਤ ਸੁੰਦਰ ਸਿੰਘ ਜੀ ਭਿੰਡਰਾਂਵਾਲਿਆਂ ਦਾ ਜੀਵਨ।

੪. **ਖ਼ਾਲਸਾ ਜੀਵਨ**—ਸੰਤ ਬਿਸ਼ਨ ਸਿੰਘ ਜੀ, ਸੰਤ ਸੁੰਦਰ ਸਿੰਘ ਜੀ, ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦਾ ਸੰਖੇਪ ਜੀਵਨ ਅਤੇ ਗੁਰਮਤਿ ਰਹਿਤ ਮਰਯਾਦਾ।

੫. **ਨਿਤਨੇਮ ਸਟੀਕ**—ਸ੍ਰੀ ਜਪੁਜੀ ਸਾਹਿਬ, ਜਾਪੁ ਸਾਹਿਬ, ਤ੍ਵਪ੍ਰਸਾਦਿ ਸ੍ਵਯੇ, ਚੌਪਈ ਸਾਹਿਬ, ਅਨੰਦੁ ਸਾਹਿਬ, ਰਹਰਾਸਿ ਸਾਹਿਬ ਅਤੇ ਕੀਰਤਨ ਸੋਹਿਲਾ ਸਟੀਕ।

੬. **ਅੰਮ੍ਰਿਤ ਰਸ (੨ ਭਾਗ)**—ਸ੍ਰੀ ਬਾਰਹਮਾਹ ਅਤੇ ੫੪ ਹੁਕਮਨਾਮਿਆਂ ਦੀ ਵਿਆਖਿਆ ਸਹਿਤ ਵੀਚਾਰ।

੭. **ਇਤਿਹਾਸ ਦਮਦਮੀ ਟਕਸਾਲ (ਸੰਖੇਪ)**—ਦਮਦਮੀ ਟਕਸਾਲ ਦੇ ੧੪ ਮੁਖੀਆਂ ਦਾ ਸੰਖੇਪ ਜੀਵਨ।

੮. **ਗੁਰਮਤਿ ਰਹਿਤ ਮਰਯਾਦਾ (ਸੰਖੇਪ)**—ਪੰਜ ਸੰਸਕਾਰ ਤੇ ਪਾਠਾਂ ਦੀ ਸੰਖੇਪ ਮਰਯਾਦਾ। (ਹੁਣ ਇੰਗਲਿਸ਼ ਭਾਸ਼ਾ ਵਿਚ ਵੀ)।

੯. **ਪਵਿੱਤਰ ਜੀਵਨ**—ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦਾ ਸੰਖੇਪ ਜੀਵਨ।

੧੦. **ਦਮਦਮੀ ਟਕਸਾਲ ਦੇ ਮਹਾਂਪੁਰਸ਼**—ਸਚਿੱਤਰ।

੧੧. **ਮੂਲ ਮੰਤਰ**—'੧ਓ' ਤੋਂ ਲੈ ਕੇ 'ਨਾਨਕ ਹੋਸੀ ਭੀ ਸਚੁ' ਤੱਕ ਨਿਰਣਾ।

੧੨. **ਰਾਗਮਾਲਾ ਗੁਰਬਾਣੀ ਹੈ**—ਰਾਗਮਾਲਾ ਬਾਰੇ ਨਿਰਣਾ ਅਤੇ ਸ਼ੰਕਿਆਂ ਦੇ ਉੱਤਰ।

੧੩. **ਬਾਲ ਉਪਦੇਸ਼**—ਗੁਰਮੁਖੀ ਅੱਖਰ ਸਿੱਖਣ ਵਾਲੇ ਛੋਟੇ ਬੱਚਿਆਂ ਲਈ।

੧੪. **ਧਰਮ ਪੋਥੀਆਂ (੪ ਭਾਗ)**—ਛੋਟੇ ਬੱਚਿਆਂ ਦੇ ਪੜ੍ਹਨ ਲਈ ਸੁਖੈਨ ਬੋਲੀ 'ਚ ਗੁਰੂ ਸਾਹਿਬਾਂ ਦੇ ਜੀਵਨ ਇਤਿਹਾਸ 'ਚੋਂ ਸੰਖੇਪ ਸਾਖੀਆਂ।

੧੫. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਥਾ ਸੈਂਚੀਆਂ**—ਪਦ ਛੇਦ ਤੇ ਲੜੀਵਾਰ।

੧੬. **ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸੰਥਾ ਸੈਂਚੀਆਂ**—ਲੜੀਵਾਰ।

੧੭. **ਗੁਰਬਾਣੀ ਦਾ ਅਦਬ**—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਲਈ ਜ਼ਰੂਰੀ ਬੇਨਤੀਆਂ।

੧੮. ਨਿਤਨੇਮ ਗੁਟਕਾ

੧੯. ਸੁਖਮਨੀ ਸਾਹਿਬ ਗੁਟਕਾ

੨੦. ਨਿਤਨੇਮ ਗੁਟਕਾ—ਮੋਟੇ ਅੱਖਰ

੨੧. ਸੁਖਮਨੀ ਸਾਹਿਬ ਗੁਟਕਾ—ਮੋਟੇ ਅੱਖਰ

੨੨. ਸੁੰਦਰ ਗੁਟਕਾ

੨੩. ਸੁੰਦਰ ਗੁਟਕਾ—ਮੋਟੇ ਅੱਖਰ

੨੪. **ਬੇਅੰਤ ਬਾਣੀਆਂ ਵਾਲਾ ਸਭ ਤੋਂ ਵੱਡਾ ਸੁੰਦਰ ਗੁਟਕਾ**

੨੫. ਜਪੁਜੀ ਸਾਹਿਬ ਗੁਟਕਾ—੧੦ ਪਾਠ

੨੬. ਜਪੁਜੀ ਸਾਹਿਬ ਪੋਥੀ—੨੫ ਪਾਠ (ਸ੍ਰੀ ਅਖੰਡ ਪਾਠਾਂ ਲਈ)

੨੭. ਚੌਪਈ ਸਾਹਿਬ ਗੁਟਕਾ—੨੫ ਪਾਠ

੨੮. ਚੌਪਈ ਸਾਹਿਬ ਪੋਥੀ—੫੦ ਪਾਠ

੨੯. ਪੰਜ ਗ੍ਰੰਥੀ—ਲੜੀਵਾਰ

੩੦. ਚਿੱਟਾ ਚੋਲਾ—ਜੀਵਨ-ਬਿਰਤਾਂਤ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ

੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ॥

# ਸੰਗੀਤ ਸਾਗਰ


*ਲੇਖਕ :*

**ਰਾਗੀ ਜਸਵੰਤ ਸਿੰਘ 'ਤੀਬਰ'**

*ਸੰਪਾਦਕ :*

**ਗਿਆਨੀ ਜਤਿੰਦਰ ਸਿੰਘ**



*ਪ੍ਰਕਾਸ਼ਕ :*

**ਦਮਦਮੀ ਟਕਸਾਲ ਜਥਾ ਭਿੰਡਰਾਂ**

ਮਹਿਤਾ (ਅੰਮ੍ਰਿਤਸਰ)

# SANGEET SAGAR

*by*

RAGI JASWANT SINGH 'TIBAR'
VILLAGE KULAR, DISTT. LUDHIANA

*Edited by*

GIANI JATINDER SINGH
DAMDAMI TAKSAL, JATHA BHINDRA, MEHTA,
DISTT. AMRITSAR

© ਸਭ ਹਕ ਪ੍ਰਕਾਸ਼ਕ ਦੇ ਰਾਖਵੇਂ ਹਨ

ਪਹਿਲੀ ਵਾਰ ਦਸੰਬਰ 1986

ਦੂਜੀ ਵਾਰ ਅਪ੍ਰੈਲ 2002

**ਭੇਟਾ : 150-00 ਰੁਪਏ**

*ਪ੍ਰਕਾਸ਼ਕ :*
ਦਮਦਮੀ ਟਕਸਾਲ ਜਥਾ ਭਿੰਡਰਾਂ, ਮਹਿਤਾ (ਅੰਮ੍ਰਿਤਸਰ)

*ਟਾਈਪਸੈਟਿੰਗ :*
ਕੌਮਗ੍ਰਾਫ, ਕਟੜਾ ਆਹਲੂਵਾਲੀਆ, ਅੰਮ੍ਰਿਤਸਰ

*ਛਾਪਕ :*
ਪ੍ਰਿੰਟਵੈੱਲ, 146 ਇੰਡ. ਫੋਕਲ ਪੁਆਇੰਟ, ਅੰਮ੍ਰਿਤਸਰ

# ਸਮਰਪਣ

ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ

ਦੀ

ਪਵਿੱਤਰ ਸੇਵਾ ਵਿਚ

ਜਿਨ੍ਹਾਂ ਦੀ ਮਿਹਰ ਸਦਕਾ

ਗੁਰਸਿੱਖਾਂ ਅੰਦਰ

ਗੁਰਬਾਣੀ ਕੀਰਤਨ

ਦਾ

ਪ੍ਰਚਾਰ ਹੋਇਆ।

ੴ ਸਤਿਗੁਰ ਪ੍ਰਸਾਦਿ ॥

## ਮੂਲਮੰਤਰ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ
ਨਿਰਵੈਰੁ ਅਕਾਲ ਮੂਰਤਿ ਅਜੂਨੀ
ਸੈਭੰ ਗੁਰਪ੍ਰਸਾਦਿ ॥
ਜਪੁ ॥
ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ
ਹੋਸੀ ਭੀ ਸਚੁ ॥੧॥

## ਗੁਰਮੰਤਰ

ਵਾਹਿਗੁਰੂ

ੴ ਸਤਿਗੁਰ ਪ੍ਰਸਾਦਿ ॥

# ਤਤਕਰਾ


—ਕੀਰਤਨ ਵਿਦਿਆਲੇ ਦੇ ਨਿਯਮ ੨੯

—ਕੀਰਤਨ ਵਿਦਿਆਲੇ ਦੇ ਪਹਿਲੇ ਪ੍ਰਿੰਸੀਪਲਾਂ ਦੇ ਨਾਮ ੩੦

—ਦੋ ਸ਼ਬਦ ੩੧

—ਸੰਗੀਤਕ ਸੁਰਾਂ ਦਾ ਸਿਰਤਾਜ ਰਾਗੀ ਜਸਵੰਤ ਸਿੰਘ ੩੪

—ਪਹਿਲੀ ਐਡੀਸ਼ਨ ਦੀ ਭੂਮਿਕਾ ੩੯

—ਸ਼ਰਧਾਂਜਲੀ ੪੩

—ਗੁਰਮਤਿ ਕੀਰਤਨ ਦੀ ਦੌਧਰ ਵਾਲੀ ਟਕਸਾਲ ੪੪

—ਸੁਰ ਲਿੱਪੀਆਂ ਦੇ ਚਿੰਨ੍ਹ ੪੫

—ਇਸ ਪੁਸਤਕ ਵਿਚ ਆਏ ਤਾਲਾਂ ਦੇ ਠੇਕੇ ਦੇ ਬੋਲ ੪੬

—ਆਰਤੀ ੫੦


## ਬਿਲਾਵਲ ਥਾਟ

*ਸ਼ੁਧ ਬਿਲਾਵਲ*


੧. ਹੇ ਰਵਿ ਹੇ ਸਸਿ ਹੇ ਕਰੁਨਾਨਿਧ ਮੇਰੀ ਅਬੈ ਬਿਨਤੀ ਸੁਨਿ ਲੀਜੈ ॥ ੫੧

੨. ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥ ੫੨

੩. ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ॥ ੫੩


*ਅਲਈਆ ਬਿਲਾਵਲ*


੪. ਗੋਬਿੰਦ ਗੋਬਿੰਦ ਗੋਬਿੰਦ ਮਈ ॥ ੫੪

੫. ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ ॥੧॥ ੫੫

੬. ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ ॥ ੫੬

੭. ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥ ੫੭

੮. ਸਫਲ ਜਨਮੁ ਮੋਕਉ ਗੁਰ ਕੀਨਾ ॥ ੫੮

੯. ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ ॥ ੫੯

੧੦. ਕਾਰਜੁ ਸਤਿਗੁਰਿ ਆਪਿ ਸਵਾਰਿਆ ॥ ੬੦

*ਪਹਾੜੀ*


੧੧. ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ॥ ੬੧
੧੨. ਪ੍ਰਾਨ ਕੇ ਬਚਯਾ ਦੂਧ ਪੂਤ ਕੇ ਦਿਵਯਾ ਰੋਗ ਸੋਗ ਕੇ ਮਿਟਯਾ.....॥ ੬੨
੧੩. ਮੀਠੇ ਹਰਿ ਗੁਣ ਗਾਉ ਜਿੰਦੂ ਤੂੰ ਮੀਠੇ ਹਰਿ ਗੁਣ ਗਾਉ॥ ੬੩
੧੪. ਦਰਗਹ ਮਾਨੁ ਨਿਮਾਣਾ ਪਾਵੈ। ੬੪
੧੫. ਮੇਰੇ ਰਾਮ ਰਾਇ ਸੰਤਾ ਟੇਕ ਤੁਮ੍ਾਰੀ॥ ੬੫
੧੬. ਸੋਈ ਧਿਆਈਐ ਜੀਅੜੇ ਸਿਰਿ ਸਾਹਾਂ ਪਾਤਿਸਾਹੁ॥ ੬੬
੧੭. ਮਨ ਸਦਾ ਮੰਗਲ ਗੋਬਿੰਦ ਗਾਇ॥ ੬੭
੧੮. ਸਰਬ ਕਲਿਆਣ ਕੀਏ ਗੁਰਦੇਵ॥ ੬੮
੧੯. ਸੇ ਸੰਜੋਗ ਕਰਹੁ ਮੇਰੇ ਪਿਆਰੇ॥ ੬੯
੨੦. ਸਾਧਸੰਗਤਿ ਅਸਥਾਨੁ ਜਗਮਗ ਨੂਰ ਹੈ। ੭੦
੨੧. ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ॥ ੭੧
੨੨. ਦਰਸਨੁ ਦੇਖਿ ਜੀਵਾ ਗੁਰ ਤੇਰਾ॥ ੭੨
੨੩. ਦੂਖ ਭੰਜਨੁ ਤੇਰਾ ਨਾਮੁ ਜੀ ਦੂਖ ਭੰਜਨੁ ਤੇਰਾ ਨਾਮੁ॥ ੭੩
੨੪. ਪੂਤਾ ਮਾਤਾ ਕੀ ਆਸੀਸ॥ ੭੪
੨੫. ਸੁਣਿ ਸੁਣਿ ਨਾਮੁ ਤੁਮਾਰਾ ਪ੍ਰੀਤਮ ਪ੍ਰਭੁ ਪੇਖਨ ਕਾ ਚਾਉ॥ ੭੫
੨੬. ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ॥ ੭੬
੨੭. ਰਾਮ ਜਪਉ ਜੀਅ ਐਸੇ ਐਸੇ॥ ੭੭
੨੮. ਦਰਸਨ ਕਉ ਲੋਚੈ ਸਭੁ ਕੋਈ॥ ੭੮
੨੯. ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥ ੭੯
੩੦. ਧਨਿ ਧੰਨਿ ਹਮਾਰੇ ਭਾਗ ਘਰਿ ਆਇਆ ਪਿਰੁ ਮੇਰਾ॥ ੮੦
੩੧. ਕਰਿ ਕਿਰਪਾ ਕਿਰਪਾਲ ਆਪੇ ਬਖਸਿ ਲੈ॥ ੮੧
੩੨. ਆਉ ਸਖੀ ਹਰਿ ਮੇਲੁ ਕਰੇਹਾ॥ ੮੨
੩੩. ਤੁਮ੍ ਕਰਹੁ ਦਇਆ ਮੇਰੇ ਸਾਈ॥ ੮੩


*ਮਿਸ਼ਰਤ ਪਹਾੜੀ*


੩੪. ਕਾਹੇ ਰੇ ਬਨ ਖੋਜਨ ਜਾਈ॥ ੮੪
੩੫. ਅੰਮ੍ਰਿਤੁ ਰਸਨਾ ਪੀਉ ਪਿਆਰੀ॥ ੮੫
੩੬. ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ। ੮੬
੩੭. ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥ ੮੭

| | |
|---|---|
| ੩੮. ਮਾਂਗਉ ਰਾਮ ਤੇ ਇਕੁ ਦਾਨੁ॥ | ੮੮ |
| ੩੯. ਅਨਦੁ ਗਰੀਬੀ ਸਾਧ ਸੰਗਿ ਜਿਤੁ ਪ੍ਰਭ ਚਿਤਿ ਆਏ॥ | ੮੯ |
| ੪੦. ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ॥ | ੯੦ |
| ੪੧. ਨਾਮੁ ਜਪਹੁ ਮੇਰੇ ਸਾਜਨ ਸੈਨਾ॥ | ੯੧ |
| ੪੨. ਸੇ ਸੰਜੋਗ ਕਰਹੁ ਮੇਰੇ ਪਿਆਰੇ॥ | ੯੨ |
| ੪੩. ਜਾ ਕਾ ਮੀਤੁ ਸਾਜਨੁ ਹੈ ਸਮੀਆ॥ | ੯੩ |
| ੪੪. ਕਰਿ ਕਿਰਪਾ ਮੇਰੇ ਪ੍ਰੀਤਮ ਸੁਆਮੀ ਨੇਤ੍ਰ ਦੇਖਹਿ ਦਰਸੁ ਤੇਰਾ ਰਾਮ॥ | ੯੪ |
| ੪੫. ਜੋ ਮਾਗਹਿ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ॥ | ੯੫ |
| ੪੬. ਅੰਮ੍ਰਿਤੁ ਰਸਨਾ ਪੀਉ ਪਿਆਰੀ॥ | ੯੬ |
| ੪੭. ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ॥ | ੯੭ |
| ੪੮. ਚਿਰੰਕਾਲ ਮਾਨਸ ਜਨਮ ਨਿਰਮੋਲੁ ਪਾਏ ਸਫਲ ਜਨਮ ਗੁਰ ਚਰਨ ਸਰਨ ਕੈ॥ | ੯੮ |
| ੪੯. ਪ੍ਰਭ ਕੀ ਸਰਣਿ ਸਗਲ ਭੈ ਲਾਥੇ ਦੁਖ ਬਿਨਸੇ ਸੁਖੁ ਪਾਇਆ॥ | ੯੯ |
| ੫੦. ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ॥ | ੧੦੦ |
| ੫੧. ਮੋਹਿ ਮਛੁਲੀ ਤੁਮ ਨੀਰ ਤੁਝ ਬਿਨੁ ਕਿਉ ਸਰੈ॥ | ੧੦੧ |
| ੫੨. ਉਚਰਹੁ ਰਾਮ ਨਾਮੁ ਲਖ ਬਾਰੀ॥ | ੧੦੨ |
| ੫੩. ਹਰਿ ਦਿਨੁ ਰੈਣਿ ਕੀਰਤਨੁ ਗਾਈਐ॥ | ੧੦੩ |
| ੫੪. ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥ | ੧੦੪ |
| ੫੫. ਗੁਰ ਕਾ ਦਰਸਨੁ ਦੇਖਿ ਦੇਖਿ ਜੀਵਾ॥ | ੧੦੫ |
| ੫੬. ਇਹੁ ਮਨੁ ਸੁੰਦਰਿ ਆਪਣਾ ਹਰਿ ਨਾਮਿ ਮਜੀਠੈ ਰੰਗਿ ਰੀ॥ | ੧੦੬ |
| ੫੭. ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ॥ | ੧੦੭ |
| ੫੮. ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ॥ | ੧੦੮ |
| ੫੯. ਮੂ ਲਾਲਨ ਸਿਉ ਪ੍ਰੀਤਿ ਬਨੀ॥ | ੧੦੯ |
| ੬੦. ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥ | ੧੧੦ |
| ੬੧. ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥ | ੧੧੧ |
| ੬੨. ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ॥ | ੧੧੨ |
| ੬੩. ਜਪਿ ਮਨ ਸਤਿਨਾਮੁ ਸਦਾ ਸਤਿਨਾਮੁ॥ | ੧੧੩ |
| ੬੪. ਹਰਿ ਬਿਨੁ ਕਛੂ ਨ ਲਾਗਈ ਭਗਤਨ ਕਉ ਮੀਠਾ॥ | ੧੧੪ |
| ੬੫. ਮਿਤ੍ਰ ਪਿਆਰੇ ਨੂ ਹਾਲ ਮੁਰੀਦਾਂ ਦਾ ਕਹਣਾ॥ | ੧੧੫ |
| ੬੬. ਕਰਿ ਕਿਰਪਾ ਮੇਰੇ ਪ੍ਰੀਤਮ ਸੁਆਮੀ ਨੇਤ੍ਰ ਦੇਖਹਿ ਦਰਸੁ ਤੇਰਾ ਰਾਮ॥ | ੧੧੬ |

੬੭. ਕਾਹੇ ਮਨ ਤੂ ਡੋਲਤਾ ਹਰਿ ਮਨਸਾ ਪੂਰਣਹਾਰੁ॥ ੧੧੭
੬੮. ਅਪਨੇ ਸੇਵਕ ਕਉ ਕਬਹੁ ਨ ਬਿਸਾਰਹੁ॥ ੧੧੮
੬੯. ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ॥ ੧੧੯
੭੦. ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ॥ ੧੨੦
੭੧. ਮਾਧੋ ਹਮ ਐਸੇ ਤੂ ਐਸਾ॥ ੧੨੧
੭੨. ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥ ੧੨੨
੭੩. ਅੰਮ੍ਰਿਤ ਨਾਮੁ ਪਰਮੇਸੁਰ ਤੇਰਾ ਜੋ ਸਿਮਰੈ ਸੋ ਜੀਵੈ॥ ੧੨੩
੭੪. ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰ ਕਰਾਇਆ॥ ੧੨੪
੭੫. ਕੋਈ ਆਨਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥ ੧੨੫
੭੬. ਲਾਲ ਰੰਗੀਲੇ ਪ੍ਰੀਤਮ ਮਨਮੋਹਨ ਤੇਰੇ ਦਰਸਨ ਕਉ ਹਮ ਬਾਰੇ॥ ੧੨੬
੭੭. ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ॥ ੧੨੭
੭੮. ਆਉ ਜੀ ਤੂ ਆਉ ਹਮਾਰੈ ਹਰਿ ਜਸੁ ਸ੍ਰਵਨ ਸੁਨਾਵਨਾ॥ ੧੨੮
੭੯. ਕਰਿ ਕਿਰਪਾ ਪ੍ਰਭ ਦੀਨ ਦਇਆਲਾ॥ ੧੨੯
੮੦. ਸਾਈ ਅਲਖੁ ਅਪਾਰੁ ਭੋਰੀ ਮਨਿ ਵਸੈ॥ ੧੩੦

*ਪਹਾੜੀ ਏਮਨੀ ਬਿਲਾਵਲੀ*

੮੧. ਸੰਤਹੁ ਹਰਿ ਹਰਿ ਹਰਿ ਆਰਾਧਹੁ॥ ੧੩੧

*ਆਸਾ*

੮੨. ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦ ਸਦਕਾ॥ ੧੩੨
੮੩. ਕਥਾ ਕੀਰਤਨੁ ਰਾਗ ਨਾਦ ਧੁਨਿ ਇਹੁ ਬਨਿਓ ਸੁਆਉ॥ ੧੩੩
੮੪. ਸੇਵਕ ਕੀ ਅਰਦਾਸਿ ਪਿਆਰੇ॥ ੧੩੪
੮੫. ਹਰਿ ਹਰਿ ਨਾਮੁ ਨਿਧਾਨੁ ਹੈ ਗੁਰਮੁਖਿ ਪਾਇਆ ਜਾਇ॥ ੧੩੫
੮੬. ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ॥ ੧੩੬
੮੭. ਰਾਮਈਆ ਹਉ ਬਾਰਿਕੁ ਤੇਰਾ॥ ੧੩੭
੮੮. ਤੂੰ ਮੇਰੋ ਪਿਆਰੋ ਤਾ ਕੈਸੀ ਭੂਖਾ॥ ੧੩੮
੮੯. ਨਾਮ ਬਿਨਾ ਮਾਟੀ ਸੰਗਿ ਰਲੀਆ॥ ੧੩੯
੯੦. ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥ ੧੪੦
੯੧. ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥ ੧੪੧
੯੨. ਸਭੇ ਕੰਤੈ ਰਤੀਆ ਮੈ ਦੋਹਾਗਣਿ ਕਿਤੁ॥ ੧੪੨

੯੩. ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ॥ ੧੪੩
੯੪. ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮ॥ ੧੪੪
੯੫. ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ॥ ੧੪੫
੯੬. ਹਰਿ ਮਨਿ ਤਨਿ ਵਸਿਆ ਸੋਈ॥ ੧੪੬
੯੭. ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ॥ ੧੪੭
੯੮. ਜਾਗੁ ਰੇ ਮਨ ਜਾਗਨਹਾਰੇ॥ ੧੪੮
੯੯. ਅਰਦਾਸਿ ਨਾਨਕ ਸੁਨਿ ਸੁਆਮੀ ਰਖਿ ਲੇਹੁ ਘਰ ਕੇ ਚੇਰੇ॥ ੧੪੯
੧੦੦. ਓਹਾ ਪ੍ਰੇਮ ਪਿਰੀ॥ ੧੫੦
੧੦੧. ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ॥ ੧੫੧
੧੦੨. ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ॥ ੧੫੨
੧੦੩. ਚਰਨ ਕਮਲ ਗੁਰਦੇਵ ਪਿਆਰੇ॥ ੧੫੩
੧੦੪. ਪਾਵਤੁ ਰਲੀਆ ਜੋਬਨਿ ਬਲੀਆ॥ ੧੫੪

### *ਆਸਾ ਮਿਸ਼ਰਤ*

੧੦੫. ਹਰਿ ਏਕੁ ਸਿਮਰਿ ਏਕੁ ਸਿਮਰਿ ਏਕੁ ਸਿਮਰਿ ਪਿਆਰੇ॥ ੧੫੫
੧੦੬. ਤਿਨ ਬੇਦੀਯਨ ਕੀ ਕੁਲ ਬਿਖੈ ਪ੍ਰਗਟੇ ਨਾਨਕ ਰਾਇ॥ ੧੫੬
੧੦੭. ਰਾਜ ਲੀਲਾ ਤੇਰੈ ਨਾਮਿ ਬਨਾਈ॥ ੧੫੭
੧੦੮. ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥ ੧੫੮
੧੦੯. ਕੀਓ ਸਿੰਗਾਰੁ ਮਿਲਨ ਕੇ ਤਾਈ॥ ੧੫੯
੧੧੦. ਜਪਿ ਮਨ ਮੇਰੇ ਗੋਵਿੰਦ ਕੀ ਬਾਣੀ॥ ੧੬੦
੧੧੧. ਸਜਣੁ ਮੈਡਾ ਚਾਈਆ ਹਭ ਕਹੀ ਦਾ ਮਿਤੁ॥ ੧੬੧
੧੧੨. ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ॥ ੧੬੨
੧੧੩. ਨਾਮੁ ਜਪਹੁ ਮੇਰੇ ਸਾਜਨ ਸੈਨਾ॥ ੧੬੩
੧੧੪. ਗੁਰਮੁਖਿ ਢੂੰਢਿ ਢੂਢੇਦਿਆ ਹਰਿ ਸਜਣੁ ਲਧਾ ਰਾਮ ਰਾਜੇ॥ ੧੬੪
੧੧੫. ਕਿਆ ਸੋਵਹਿ ਨਾਮੁ ਵਿਸਾਰਿ ਗਾਫਲ ਗਹਿਲਿਆ॥ ੧੬੫
੧੧੬. ਤੇਰਾ ਜਨੁ ਰਾਮ ਰਸਾਇਣਿ ਮਾਤਾ॥ ੧੬੬
੧੧੭. ਮੇਰੇ ਮਨ ਮੁਖਿ ਹਰਿ ਹਰਿ ਹਰਿ ਬੋਲੀਐ॥ ੧੬੭
੧੧੮. ਪ੍ਰੇਮ ਠਗਉਰੀ ਪਾਇ ਰੀਝਾਇ ਗੋਬਿੰਦ ਮਨੁ ਮੋਹਿਆ ਜੀਉ॥ ੧੬੮
੧੧੯. ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥ ੧੬੯
੧੨੦. ਗੁਰਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ। ੧੭੦

*ਆਸਾ ਕਾਫ਼ੀ*

੧੨੧. ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ॥ ੧੭੧

*ਆਸਾ ਦੇਸਕਾਰ*

੧੨੨. ਰਸਨਾ ਰਾਮ ਰਸਾਇਨਿ ਮਾਤੀ॥ ੧੭੨

*ਦੇਸਕਾਰ*

੧੨੩. ਸਾਧੋ ਮਨ ਕਾ ਮਾਨੁ ਤਿਆਗਉ॥ ੧੭੩

*ਬਿਹਾਗ*

੧੨੪. ਮਾਧਉ ਜਲ ਕੀ ਪਿਆਸ ਨ ਜਾਇ॥ ੧੭੪
੧੨੫. ਬਾਵਰ ਸੋਇ ਰਹੇ॥ ੧੭੫
੧੨੬. ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰ ਗਨੀਮਨ ਗਾਰੈ॥ ੧੭੬
੧੨੭. ਤੁਮ ਹੋ ਸਭ ਰਾਜਨ ਕੇ ਰਾਜਾ॥ ੧੭੭
੧੨੮. ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ॥ ੧੭੮
੧੨੯. ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ॥ ੧੭੯
੧੩੦. ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਚਿਤੁ ਲਾਇ॥ ੧੮੦

*ਸ਼ੰਕਰਾ*

੧੩੧. ਮਿਲੁ ਰਾਮ ਪਿਆਰੇ ਤੁਮ੍ ਬਿਨੁ ਧੀਰਜੁ ਕੋ ਨ ਕਰੈ॥੧॥ ੧੮੧
੧੩੨. ਹਰਿ ਦਿਨੁ ਰੈਣਿ ਕੀਰਤਨ ਗਾਈਐ॥ ੧੮੨
੧੩੩. ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥ ੧੮੩
੧੩੪. ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ ਕਹਤ ਮਾ ਜਸੋਦ ਜਿਸਹਿ.....॥ ੧੮੪
੧੩੫. ਜੈ ਜੈ ਕਾਰੁ ਜਾਸੁ ਜਗ ਅੰਦਰਿ ਮੰਦਰਿ ਭਾਗੁ ਜੁਗਤਿ ਸਿਵ ਰਹਤਾ॥ ੧੮੫

*ਦੁਰਗਾ*

੧੩੬. ਤੈਡੈ ਸਿਮਰਣਿ ਹਭੁ ਕਿਛੁ ਲਧਮੁ ਬਿਖਮੁ ਨ ਡਿਠਮੁ ਕੋਈ॥ ੧੮੬

*ਨਟ*

੧੩੭. ਚਰਨ ਕਮਲ ਸੰਗਿ ਲਾਗੀ ਡੋਰੀ॥ ੧੮੭

*ਹੰਸ ਧੁਨ*

੧੩੮. ਪਤਿਤ ਪਾਵਨ ਪ੍ਰਭ ਨਾਮ ਤੁਮਾਰੇ॥ ੧੮੮

*ਸ਼ੁਧ ਮਲਾਰ*

੧੩੯. ਊਨਵਿ ਊਨਵਿ ਆਇਆ ਵਰਸੈ ਲਾਇ ਝੜੀ ੧੮੯

## ਕਾਫ਼ੀ ਥਾਟ

*ਕਾਫ਼ੀ*

੧੪੦. ਸਭਿ ਅਵਗਣ ਮੈ ਗੁਣੁ ਨਹੀ ਕੋਈ॥ ੧੯੦

੧੪੧. ਜਿਸਨੋ ਤੂ ਰਖਵਾਲਾ ਮਾਰੇ ਤਿਸੁ ਕਉਣੁ॥ ੧੯੧

੧੪੨. ਜੇ ਤੂ ਮਿਤ੍ਰੁ ਅਸਾਡੜਾ ਹਿਕ ਭੋਰੀ ਨਾ ਵੇਛੋੜਿ॥ ੧੯੨

੧੪੩. ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ॥ ੧੯੩

੧੪੪. ਵਡੇ ਮੇਰੇ ਸਾਹਿਬਾ ਵਡੀ ਤੇਰੀ ਵਡਿਆਈ॥ ੧੯੪

੧੪੫. ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋ॥ ੧੯੫

੧੪੬. ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ॥ ੧੯੬

੧੪੭. ਗੁਰਿ ਪੂਰੈ ਕਿਰਪਾ ਧਾਰੀ॥ ੧੯੭

*ਲਾਵਾਂ*

੧੪੮. ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ॥ ੧੯੮

*ਮਿਸ਼ਰਤ ਕਾਫ਼ੀ*

੧੪੯. ਗੁਰਪਰਸਾਦਿ ਸਹਜ ਘਰੁ ਪਾਇਆ ਮਿਟਿਆ ਅੰਧੇਰਾ ਚੰਦੁ ਚੜਿਆ॥ ੧੯੯

੧੫੦. ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ॥ ੨੦੦

੧੫੧. ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥ ੨੦੧

੧੫੨. ਧਨਿ ਧੰਨਿ ਹਮਾਰੇ ਭਾਗ ਘਰਿ ਆਇਆ ਪਿਰੁ ਮੇਰਾ॥ ੨੦੨

੧੫੩. ਰਾਮ ਜਪਉ ਜੀਅ ਐਸੇ ਐਸੇ॥ ੨੦੩

੧੫੪. ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ॥ ੨੦੪

੧੫੫. ਮਨ ਕਿਉ ਬੈਰਾਗੁ ਕਰਹਿਗਾ ਸਤਿਗੁਰੁ ਮੇਰਾ ਪੂਰਾ॥ ੨੦੫

੧੫੬. ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ॥ ੨੦੬

੧੫੭. ਜਹ ਕੀਰਤਨੁ ਤੇਰਾ ਸਾਧੂ ਗਾਵਹਿ ਤਹ ਮੇਰਾ ਮਨੁ ਲਾਗੈ॥ ੨੦੭

੧੫੮. ਜਗਤੁ ਗੁਰੂ ਗੁਰੁ ਨਾਨਕ ਦੇਉ॥ ੨੦੮
੧੫੯. ਰਾਖੁ ਰਾਖੁ ਮੇਰੇ ਬੀਠੁਲਾ ਜਨੁ ਸਰਨਿ ਤੁਮ੍ਾਰੀ॥ ੨੦੯
੧੬੦. ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ॥ ੨੧੦
੧੬੧. ਤਉ ਮੈ ਆਇਆ ਸਰਨੀ ਆਇਆ॥ ੨੧੧
੧੬੨. ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ ੨੧੨
੧੬੩. ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾਂ॥ ੨੧੩
੧੬੪. ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ॥ ੨੧੪
੧੬੫. ਪ੍ਰਭ ਪਾਸਿ ਜਨ ਕੀ ਅਰਦਾਸਿ ਤੂ ਸਚਾ ਸਾਂਈ॥ ੨੧੫
੧੬੬. ਤੁਮ੍ ਕਰਹੁ ਦਇਆ ਮੇਰੇ ਸਾਈ॥ ੨੧੬
੧੬੭. ਰਾਮ ਰੰਗੁ ਕਦੇ ਉਤਰਿ ਨ ਜਾਇ॥ ੨੧੭
੧੬੮. ਆਉ ਸਖੀ ਸੰਤ ਪਾਸਿ ਸੇਵਾ ਲਾਗੀਐ॥ ੨੧੮
੧੬੯. ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ॥ ੨੧੯
੧੭੦. ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ॥ ੨੨੦
੧੭੧. ਜਿਸਦਾ ਸਾਹਿਬੁ ਡਾਢਾ ਹੋਇ॥ ੨੨੧
੧੭੨. ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥ ੨੨੨
੧੭੩. ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥ ੨੨੩
੧੭੪. ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ॥ ੨੨੪
੧੭੫. ਸਤਿਗੁਰ ਪਾਸਿ ਬੇਨੰਤੀਆ ਮਿਲੈ ਨਾਮੁ ਆਧਾਰਾ॥ ੨੨੫
੧੭੬. ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ॥ ੨੨੬

***ਕੀਰਵਾਣੀ***

੧੭੭. ਸੋਇ ਰਹੀ ਪ੍ਰਭ ਖਬਰਿ ਨ ਜਾਨੀ॥ ੨੨੭
੧੭੮. ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ॥ ੨੨੮

***ਚੰਦ੍ਰ ਕੌਂਸ***

੧੭੯. ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਤ ਅਨੰਤਾ॥ ੨੨੯
੧੮੦. ਏਕੁ ਜਿ ਸਾਜਨੁ ਮੈ ਕੀਆ ਸਰਬ ਕਲਾ ਸਮਰਥੁ॥ ੨੩੦
੧੮੧. ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ॥ ੨੩੧

***ਦੇਸੀ ਟੋਡੀ***

੧੮੨. ਮਾਈ ਮੇਰੇ ਮਨ ਕੀ ਪਿਆਸ॥ ੨੩੨

*ਨਾਇਕੀ ਕਾਨੜਾ*
੧੮੩. ਧਨਿ ਓਹ ਪ੍ਰੀਤਿ ਚਰਨ ਸੰਗਿ ਲਾਗੀ॥ ੨੩੩

*ਸ਼ੁਧ ਸਾਰੰਗ*
੧੮੪. ਮੈ ਪੇਖਿਓ ਰੀ ਊਚਾ ਮੋਹਨੁ ਸਭ ਤੇ ਊਚਾ॥ ੨੩੪
੧੮੫. ਸਾਧੋ ਗੋਬਿੰਦ ਕੇ ਗੁਨ ਗਾਵਉ॥ ੨੩੫
੧੮੬. ਰਾਜਾਸ੍ਰਮ ਮਿਤਿ ਨਹੀ ਜਾਨੀ ਤੇਰੀ॥ ੨੩੬

*ਬ੍ਰਿੰਦਾਬਨੀ ਸਾਰੰਗ*
੧੮੭. ਮਨ ਕਹਾ ਲੁਭਾਈਐ ਆਨ ਕਉ॥ ੨੩੭
੧੮੮. ਲਾਲ ਲਾਲ ਮੋਹਨ ਗੋਪਾਲ ਤੂ॥ ੨੩੮
੧੮੯. ਹਰਿ ਕੇ ਨਾਮ ਹੀਨ ਬੇਤਾਲ॥ ੨੩੯
੧੯੦. ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥ ੨੪੦
੧੯੧. ਸੁਭ ਬਚਨ ਬੋਲਿ ਗੁਨ ਅਮੋਲ॥ ੨੪੧
੧੯੨. ਮੋਹਨ ਘਰਿ ਆਵਹੁ ਕਰਉ ਜੋਦਰੀਆ॥ ੨੪੨
੧੯੩. ਗੋਬਿਦ ਜੀਉ ਤੂ ਮੇਰੇ ਪ੍ਰਾਨ ਅਧਾਰ॥ ੨੪੩
੧੯੪. ਮਨ ਕਰ ਕਬਹੂ ਨ ਹਰਿ ਗੁਨ ਗਾਇਓ॥ ੨੪੪
੧੯੫. ਗੁਰ ਕੇ ਚਰਨ ਬਸੇ ਮਨ ਮੇਰੈ॥ ੨੪੫
੧੯੬. ਜਾ ਕੀ ਰਾਮ ਨਾਮ ਲਿਵ ਲਾਗੀ॥ ੨੪੬

*ਮੀਆਂ ਕੀ ਮਲਾਰ*
੧੯੭. ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥ ੨੪੭
੧੯੮. ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ॥ ੨੪੮
੧੯੯. ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ॥ ੨੪੯

*ਮੇਘ ਮਲਾਰ*
੨੦੦. ਬਰਸੁ ਮੇਘ ਜੀ ਤਿਲੁ ਬਿਲਮੁ ਨ ਲਾਉ॥ ੨੫੦

*ਬਹਾਰ*
੨੦੧. ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ॥ ੨੫੧
੨੦੨. ਕਤ ਜਾਈਐ ਰੇ ਘਰ ਲਾਗੋ ਰੰਗੁ॥ ੨੫੨

੨੦੩. ਗੁਰੁ ਸੇਵਉ ਕਰਿ ਨਮਸਕਾਰ॥ ੨੫੩
੨੦੪. ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂ ਨ ਟਰੋ॥ ੨੫੪

*ਪੀਲੂ*

੨੦੫. ਹਰਿਜਨੁ ਰਾਮ ਨਾਮ ਗੁਨ ਗਾਵੈ॥ ੨੫੫
੨੦੬. ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥੧॥ ੨੫੬
੨੦੭. ਅਰਦਾਸਿ ਸੁਣੀ ਦਾਤਾਰਿ ਪ੍ਰਭਿ ਹੋਏ ਕਿਰਪਾਲ॥ ੨੫੭

*ਬਾਘੇਸ੍ਰੂਰੀ*

੨੦੮. ਮਾਧਉ ਜਲ ਕੀ ਪਿਆਸ ਨ ਜਾਇ॥ ੨੫੮
੨੦੯. ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ॥ ੨੫੯
੨੧੦. ਨਾਨਕ ਗੁਰਮੁਖਿ ਪਰਗਟੁ ਹੋਇਆ ਜਾ ਕਉ ਜੋਤਿ ਧਰੀ ਕਰਤਾਰਿ ਜੀਉ॥ ੨੬੦

*ਭੀਮਪਲਾਸੀ*

੨੧੧. ਗੋਵਿੰਦ ਗੁਣ ਗਾਵਹੁ ਮੇਰੇ ਭਾਈ॥ ੨੬੧
੨੧੨. ਸਖੀ ਨਾਲਿ ਵਸਾ ਅਪੁਨੇ ਨਾਹ ਪਿਆਰੇ ਮੇਰਾ ਮਨੁ ਤਨੁ ਹਰਿ ਸੰਗਿ ਹਿਲਿਆ॥ ੨੬੨
੨੧੩. ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ॥ ੨੬੩
੨੧੪. ਹਰਿ ਏਕੁ ਸਿਮਰਿ ਏਕੁ ਸਿਮਰਿ ਏਕੁ ਸਿਮਰਿ ਪਿਆਰੇ॥ ੨੬੪

*ਪੁਸ਼ਪ*

੨੧੫. ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ॥ ੨੬੫

*ਧਨਾਸਰੀ*

੨੧੬. ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ॥ ੨੬੬
੨੧੭. ਲੋੜੀਦੜਾ ਸਾਜਨੁ ਮੇਰਾ॥ ੨੬੭

*ਸ਼ਿਵਰੰਜਨੀ*

੨੧੭. ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂ ਨ ਟਰੋ॥ ੨੬੮
੨੧੮. ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ੨੬੯

*ਸ਼ਹਾਨਾ*

੨੨੦. ਜੋ ਜਨ ਲੇਹਿ ਖਸਮ ਕਾ ਨਾਉ॥ ੨੭੦

*ਹੰਸਕੰਕਨੀ*
੨੨੧. ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ॥ ੨੭੧

*ਮਾਲਗੁੰਜੀ*
੨੨੨. ਜਪਿ ਮਨ ਸਤਿਨਾਮੁ ਸਦਾ ਸਤਿਨਾਮੁ॥ ੨੭੨

*ਸੂਹੀ*
੨੨੩. ਤਉ ਮੈ ਆਇਆ ਸਰਨੀ ਆਇਆ॥ ੨੭੩

*ਪਟਦੀਪ*
੨੨੪. ਐਸੀ ਲਾਲ ਤੁਝ ਬਿਨੁ ਕਉਨੁ ਕਰੈ॥ ੨੭੪

## ਕਲਿਆਣ ਥਾਟ

*ਸ਼ੁਧ ਕਲਿਆਣ*
੨੨੫. ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ॥ ੨੭੫
੨੨੬. ਹਮਰੀ ਚਿਤਵਨੀ ਹਰਿ ਪ੍ਰਭੁ ਜਾਨੈ॥ ੨੭੬

*ਯਮਨ ਕਲਿਆਣ*
੨੨੭. ਹਮਾਰੈ ਏਹ ਕਿਰਪਾ ਕੀਜੈ॥ ੨੭੭
੨੨੮. ਸਾਜਨਾ ਸੰਤ ਆਉ ਮੇਰੈ॥ ੨੭੮
੨੨੯. ਪਿਰੀ ਮਿਲਾਵਾ ਜਾ ਥੀਐ ਸਾਈ ਸੁਹਾਵੀ ਰੁਤਿ॥ ੨੭੯
੨੩੦. ਹਰਿ ਚਰਨ ਸਰਨ ਕਲਿਆਨ ਕਰਨ॥ ੨੮੦
੨੩੧. ਰਾਜਨ ਕਉਨੁ ਤੁਮਾਰੈ ਆਵੈ॥ ੨੮੧
੨੩੨. ਪ੍ਰਭੁ ਮੇਰਾ ਅੰਤਰਜਾਮੀ ਜਾਣੁ॥ ੨੮੨
੨੩੩. ਗੁਨ ਨਾਦ ਧੁਨਿ ਅਨੰਦ ਬੇਦ॥ ੨੮੩
੨੩੪. ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥ ੨੮੫
੨੩੫. ਮੇਰੇ ਲਾਲਨ ਕੀ ਸੋਭਾ॥ ੨੮੬
੨੩੬. ਨਾਮ ਧਾਰੀ ਸਰਨਿ ਤੇਰੀ॥ ੨੮੭

*ਸ੍ਰੀ ਕਲਿਆਣ*
੨੩੭. ਮਨ ਮੇਰੇ ਗਹੁ ਹਰਿ ਨਾਮ ਕਾ ਓਲਾ॥ ੨੮੮

੨੩੮. ਮੋਹਨ ਘਰਿ ਆਵਹੁ ਕਰਉ ਜੋਦਰੀਆ॥ ੨੮੯
੨੩੯. ਪ੍ਰਭ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਨ ਗਾਵਹਗੇ॥ ੨੯੦
੨੪੦. ਜਾਚਿਕੁ ਨਾਮੁ ਜਾਚੈ ਜਾਚੈ॥ ੨੯੧
੨੪੧. ਮਨਿ ਤਨਿ ਜਾਪੀਐ ਭਗਵਾਨ॥ ੨੯੨

*ਹਮੀਰ*

੨੪੨. ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥ ੨੯੩
੨੪੩. ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ॥ ੨੯੪
੨੪੪. ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥ ੨੯੫
੨੪੫. ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ ੨੯੬
੨੪੬. ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ॥ ੨੯੭

*ਕਾਮੋਦ*

੨੪੭. ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥ ੨੯੮
੨੪੮. ਕਰਿ ਆਸਾ ਆਇਓ ਪ੍ਰਭ ਮਾਗਨਿ॥ ੨੯੯

*ਕੇਦਾਰਾ*

੨੪੯. ਸਰਨੀ ਆਇਓ ਨਾਥ ਨਿਧਾਨ॥ ੩੦੦
੨੫੦. ਰਸਨਾ ਰਾਮ ਰਾਮ ਬਖਾਨੁ॥ ੩੦੧
੨੫੧. ਹਰਿ ਕੇ ਦਰਸਨ ਕੋ ਮਨਿ ਚਾਉ॥ ੩੦੨

*ਗੌਂਡ ਸਾਰੰਗ*

੨੫੨. ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ॥ ੩੦੩
੨੫੩. ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ॥ ੩੦੪
੨੫੪. ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ॥ ੩੦੫
੨੫੫. ਜਾਗਤ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥ ੩੦੬

*ਮਿਸ਼ਰਤ ਗੌਂਡ ਸਾਰੰਗ*

੨੫੬. ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ॥ ੩੦੭
੨੫੭. ਮਾਈ ਮੈ ਧਨੁ ਪਾਇਓ ਹਰਿ ਨਾਮੁ॥ ੩੦੮

*ਭੂਪਾਲੀ*


੨੫੮. ਬਿਸਰਿ ਗਈ ਸਭ ਤਾਤਿ ਪਰਾਈ॥ ੩੦੯

੨੫੯. ਪ੍ਰਭ ਮੇਰੇ ਓਇ ਬੈਰਾਗੀ ਤਿਆਗੀ॥ ੩੧੦


*ਹਿੰਡੋਲ*


੨੬੦. ਮਨੁ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ ਪਾਈਆ॥ ੩੧੧

੨੬੧. ਮਨੁ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ ਪਾਈਆ॥ ੩੧੨


*ਮਾਲ ਸਿਰੀ*


੨੬੨. ਤੈਡੈ ਸਿਮਰਣਿ ਹਭੁ ਕਿਛੁ ਲਧਮੁ ਬਿਖਮੁ ਨ ਡਿਠਮੁ ਕੋਈ॥ ੩੧੩


## ਭੈਰਵ ਥਾਟ

*ਭੈਰਵ*


੨੬੩. ਸਜਣ ਮੁਖੁ ਅਨੂਪੁ ਅਠੇ ਪਹਰ ਨਿਹਾਲਸਾ॥ ੩੧੪

੨੬੪. ਪਤਿਤ ਪਾਵਨ ਪ੍ਰਭ ਤੇਰੋ ਨਾਉ॥ ੩੧੫

੨੬੫. .....ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥ ੩੧੬

੨੬੬. ਲਾਲ ਗੁਪਾਲ ਗੋਬਿੰਦ ਪ੍ਰਭ ਗਹਿਰ ਗੰਭੀਰ ਅਥਾਹ॥ ੩੧੭

੨੬੭. ਜੋ ਜੋ ਦੀਸੈ ਸੋ ਸੋ ਰੋਗੀ॥ ੩੧੮

੨੬੮. ਹਰਿ ਜੀਉ ਅਪਣੀ ਕਿਰਪਾ ਧਾਰੁ॥ ੩੧੯

੨੬੯. ਜਉ ਤਉ ਪ੍ਰੇਮ ਖੇਲਣ ਕਾ ਚਾਉ॥ ੩੨੦

੨੭੦. ਤੁਝ ਤੇ ਬਾਹਰਿ ਕਿਛੂ ਨ ਹੋਇ॥ ੩੨੧

੨੭੧. ਸਤਿਗੁਰ ਅਪੁਨੇ ਸੁਨੀ ਅਰਦਾਸਿ॥ ੩੨੨

੨੭੨. ਹਉ ਬਲਿਹਾਰੀ ਤਿੰਨ ਕੰਉ ਜੋ ਗੁਰਮੁਖਿ ਸਿਖਾ॥ ੩੨੩

੨੭੩. ਸੁਣਿ ਸਾਜਨ ਪ੍ਰੇਮ ਸੰਦੇਸਰਾ ਅਖੀ ਤਾਰ ਲਗੰਨਿ॥ ੩੨੪

੨੭੪. ਨਾਮੇ ਪ੍ਰੀਤਿ ਨਾਰਾਇਣ ਲਾਗੀ॥ ੩੨੫

੨੭੫. ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ॥ ੩੨੬


*ਮਿਸ਼ਰਤ ਭੈਰਵ*


੨੭੬. ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥ ੩੨੭

੨੭੭. ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ॥ ੩੨੮
੨੭੮. ਭਲੋ ਸਮੋ ਸਿਮਰਨ ਕੀ ਬਰੀਆ॥ ੩੨੯
੨੭੯. ਅਬ ਹਮ ਚਲੀ ਠਾਕੁਰ ਪਹਿ ਹਾਰਿ॥ ੩੩੦

*ਅਹੀਰ ਭੈਰਵ*

੨੮੦. ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ॥ ੩੩੧
੨੮੧. ਦੁਖੀਆ ਦਰਦ ਘਣੇ ਵੇਦਨ ਜਾਣੇ ਤੂ ਧਣੀ॥ ੩੩੨
੨੮੨. ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ॥ ੩੩੩
੨੮੩. ਐਸਾ ਗਿਆਨੁ ਬਿਚਾਰੁ ਮਨਾ॥ ੩੩੪
੨੮੪. ਚਾਰਿ ਪਦਾਰਥ ਜੇ ਕੋ ਮਾਗੈ॥ ੩੩੫
੨੮੫. ਲਖੀ ਨ ਜਾਈ ਨਾਨਕ ਲੀਲ੍ਾ॥ ੩੩੬
੨੮੬. ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ॥ ੩੩੭
੨੮੭. ਸੋਇ ਰਹੀ ਪ੍ਰਭ ਖਬਰਿ ਨ ਜਾਨੀ॥ ੩੩੮

*ਅਨੰਦ ਭੈਰਵ*

੨੮੮. ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥ ੩੩੯

*ਨਟ ਭੈਰਵ*

੨੮੯. ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥ ੩੪੦
੨੯੦. ਕਿਆ ਗੁਣ ਤੇਰੇ ਸਾਰਿ ਸਮ੍ਾਲੀ ਮੋਹਿ ਨਿਰਗੁਨ ਕੇ ਦਾਤਾਰੇ॥ ੩੪੧
੨੯੧. ਕੀਰਤਨੁ ਨਿਰਮੋਲਕੁ ਹੀਰਾ॥ ੩੪੨

*ਮਿਸ਼ਰਤ ਨਟ ਭੈਰਵ*

੨੯੨. ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ॥ ੩੪੩

*ਬੰਗਾਲ ਭੈਰਵ*

੨੯੩. ਪਰਤਿਪਾਲ ਪ੍ਰਭ ਕ੍ਰਿਪਾਲ ਕਵਨ ਗੁਨ ਗਨੀ॥ ੩੪੪

*ਬਸੰਤ ਮੁਖਾਰੀ*

੨੯੪. ਹਉ ਢੂਢੇਂਦੀ ਸਜਣਾ ਸਜਣੁ ਮੈਡੈ ਨਾਲਿ॥ ੩੪੮
੨੯੫. ਸੋ ਕਤ ਜਾਨੈ ਪੀਰ ਪਰਾਈ॥ ੩੪੯

੨੯੬. ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ॥ ੩੫੦
੨੯੭. ਮੇਰੇ ਰਾਮ ਰਾਇ ਜਿਉ ਰਾਖਹਿ ਤਿਉ ਰਹੀਐ॥ ੩੫੧
੨੯੮. ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀਂ ਮੋ ਸੇ ਗਰੀਬ ਕਰੋਰ ਪਰੇ॥ ੩੫੨

*ਮਿਸ਼ਰਤ ਬਸੰਤ ਮੁਖਾਰੀ*

੨੯੯. ਸੰਤਹੁ ਹਰਿ ਹਰਿ ਹਰਿ ਆਰਾਧਹੁ॥ ੩੫੩

*ਬਿਭਾਸ*

੩੦੦. ਇਕੁ ਸਜਣੁ ਸਭਿ ਸਜਣਾ ਇਕੁ ਵੈਰੀ ਸਭਿ ਵਾਦਿ॥ ੩੫੪
੩੦੧. ਹ੍ਰਿਦੈ ਕਪਟੁ ਮੁਖ ਗਿਆਨੀ॥ ੩੫੫
੩੦੨. ਓਹੁ ਨੇਹੁ ਨਵੇਲਾ॥ ੩੫੬

*ਰਾਮਕਲੀ*

੩੦੩. ਜਪਿ ਗੋਬਿੰਦੁ ਗੋਪਾਲ ਲਾਲੁ॥ ੩੫੭
੩੦੪. ਸੇ ਸੰਜੋਗ ਕਰਹੁ ਮੇਰੇ ਪਿਆਰੇ॥ ੩੫੮
੩੦੫. ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਾ ਵਾਸੁ॥ ੩੫੯
੩੦੬. ਸਤਿਗੁਰ ਆਇਓ ਸਰਣਿ ਤੁਹਾਰੀ॥ ੩੬੦

*ਗਉੜੀ*

੩੦੭. ਐਸੀ ਪ੍ਰੀਤਿ ਗੋਵਿੰਦ ਸਿਉ ਲਾਗੀ॥ ੩੬੧

*ਪ੍ਰਭਾਤੀ*

੩੦੮. ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ॥ ੩੬੨

*ਕਲਿੰਗੜਾ*

੩੦੯. ਰਾਖਾ ਏਕੁ ਹਮਾਰਾ ਸੁਆਮੀ॥ ੩੬੩

*ਗੁਣਕਾਰੀ*

੩੧੦. ਕਵਨ ਸੰਜੋਗ ਮਿਲਉ ਪ੍ਰਭ ਅਪਨੇ॥ ੩੬੪

*ਗੁਣਕਲੀ*

੩੧੧. ਰਾਮ ਨਾਮ ਬਿਨੁ ਕਿਨਿ ਗਤਿ ਪਾਈ॥ ੩੬੫
੩੧੨. ਮੇਰਾ ਸਤਿਗੁਰੁ ਰਖਵਾਲਾ ਹੋਆ॥ ੩੬੬

**ਬੈਰਾਗੀ**

੩੧੩. ਜੀਵਉ ਨਾਮੁ ਸੁਨੀ॥ ੩੬੭
੩੧੪. ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ॥ ੩੬੮
੩੧੫. ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ॥ ੩੬੯

## ਭੈਰਵੀ ਥਾਟ

*ਭੈਰਵੀ*

੩੧੬. ਆਸਨੁ ਪਵਨ ਦੂਰਿ ਕਰਿ ਬਵਰੇ॥ ੩੭੦
੩੧੭. ਨਾਮ ਬਿਨਾ ਮਾਟੀ ਸੰਗਿ ਰਲੀਆ॥ ੩੭੧
੩੧੮. ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨਹੀ ਪ੍ਰਭੁ ਪਾਇਓ॥ ੩੭੨
੩੧੯. ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋਇਅੜਾ ਮੇਰਾ ਸਾਜਨੜਾ॥ ੩੭੩
੩੨੦. ਪ੍ਰਭ ਪਾਸਿ ਜਨ ਕੀ ਅਰਦਾਸਿ ਤੂ ਸਚਾ ਸਾਂਈ॥ ੩੭੪
੩੨੧. ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ॥ ੩੭੫
੩੨੨. ਤੁਮਰੀ ਕ੍ਰਿਪਾ ਤੇ ਜਪੀਐ ਨਾਉ॥ ੩੭੬
੩੨੩. ਇਹ ਜਗਿ ਮੀਤੁ ਨ ਦੇਖਿਓ ਕੋਈ॥ ੩੭੭
੩੨੪. ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ॥ ੩੭੮
੩੨੫. ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ॥ ੩੭੯
੩੨੬. ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥ ੩੮੦
੩੨੭. ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ॥ ੩੮੧
੩੨੮. ਸਗਲ ਮਨੋਰਥ ਪਾਈਅਹਿ ਮੀਤਾ॥ ੩੮੨
੩੨੯. ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ ੩੮੩
੩੩੦. ਅਬ ਤਬ ਜਬ ਕਬ ਤੁਹੀ ਤੁਹੀ॥ ੩੮੪
੩੩੧. ਅਵਰਿ ਕਾਜ ਤੇਰੈ ਕਿਤੈ ਨ ਕਾਮ॥ ੩੮੫
੩੩੨. ਹਰਿ ਰਸੁ ਪੀਵਹੁ ਭਾਈ॥ ੩੮੬
੩੩੩. ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥ ੩੮੭
੩੩੪. ਮੋਕਉ ਤਾਰਿ ਲੇ ਰਾਮਾ ਤਾਰਿ ਲੇ॥ ੩੮੮
੩੩੫. ਰਾਮ ਜਪਉ ਜੀਅ ਐਸੇ ਐਸੇ॥ ੩੮੯
੩੩੬. ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ॥ ੩੯੦
੩੩੭. ਚਰਨ ਸਰਨ ਗੁਰੂ ਏਕ ਪੈਂਡਾ ਜਾਇ ਚਲ
ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ॥ ੩੯੧

### ਮਿਸ਼ਰਤ ਭੈਰਵੀ


੩੩੮. ਕਾਹੇ ਰੇ ਬਨ ਖੋਜਨ ਜਾਈ॥ ੩੯੨
੩੩੯. ਇਹੁ ਨਿਧਾਨੁ ਜਪੈ ਮਨਿ ਕੋਇ॥ ੩੯੩
੩੪੦. ਹਰਿ ਕੋ ਨਾਮੁ ਸਦਾ ਸੁਖਦਾਈ॥ ੩੯੪
੩੪੧. ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥ ੩੯੫
੩੪੨. ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ॥ ੩੯੬
੩੪੩. ਨਾਸਰੋ ਮਨਸੂਰ ਗੁਰੂ ਗੋਬਿੰਦ ਸਿੰਘ॥ ੩੯੭
੩੪੪. ਮੂਰਖ ਮਨ ਕਾਹੇ ਕਰਸਹਿ ਮਾਣਾ॥ ੩੯੮
੩੪੫. ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ॥ ੩੯੯


### ਚੰਦ੍ਰਕੌਂਸੀ ਭੈਰਵੀ


੩੪੬. ਟੂਟੀ ਗਾਢਨਹਾਰ ਗੋੁਪਾਲ॥ ੪੦੦
੩੪੭. ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ॥ ੪੦੧
੩੪੮. ਤੂ ਕਰਣ ਕਾਰਣ ਸਮਰਥੁ ਹਹਿ ਕਰਤੇ ਮੈ ਤੁਝ ਬਿਨੁ ਅਵਰੁ ਨ ਕੋਈ॥ ੪੦੨


### ਮਾਲ ਕੌਂਸ


੩੪੯. ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ॥ ੪੦੩
੩੫੦. ਆਸਾਵੰਤੀ ਆਸ ਗੁਸਾਈ ਪੂਰੀਐ॥ ੪੦੪
੩੫੧. ਘਰਿ ਮਹਿ ਠਾਕੁਰੁ ਨਦਰਿ ਨ ਆਵੈ॥ ੪੦੫
੩੫੨. ਵਾਹੁ ਵਾਹੁ ਕਾ ਬਡਾ ਤਮਾਸਾ॥ ੪੦੬
੩੫੩. ਗੁਰ ਜੀ ਕੇ ਦਰਸਨ ਕਉ ਬਲਿ ਜਾਉ॥ ੪੦੭


### ਮੱਧ ਕੌਂਸ


੩੫੪. ਗੁਰ ਅਰਜਨ ਵਿਟਹੁ ਕੁਰਬਾਣੀ॥ ੪੦੮
੩੫੫. ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥ ੪੦੯


### ਖਟ ਟੋਡੀ


੩੫੬. ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ॥ ੪੧੦

## ਖਮਾਜ ਖਾਟ

### ਖਮਾਜ


੩੫੭. ਮਨ ਮੇਰੇ ਭੂਲੇ ਕਪਟੁ ਨ ਕੀਜੈ॥ ੪੧੧

੩੫੮. ਕਵਨ ਸੰਜੋਗ ਮਿਲਉ ਪ੍ਰਭ ਅਪਨੇ॥ ੪੧੨


### ਤਿਲੰਗ


੩੫੯. ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥ ੪੧੩

੩੬੦. ਆਪਹਿ ਮੇਲ ਲਏ॥ ੪੧੪

੩੬੧. ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ॥ ੪੧੫

੩੬੨. ਜਉ ਤਉ ਪ੍ਰੇਮ ਖੇਲਣ ਕਾ ਚਾਉ॥ ੪੧੬

੩੬੩. ਹਮ ਇਹ ਕਾਜ ਜਗਤ ਮੋ ਆਏ॥ ੪੧੭


### ਮਿਸ਼ਰਤ ਤਿਲੰਗ


੩੬੪. ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ॥ ੪੧੮


### ਦੇਸ


੩੬੫. ਮਨ ਰੇ ਕਉਨੁ ਕੁਮਤਿ ਤੈ ਲੀਨੀ॥ ੪੧੯

੩੬੬. ਪ੍ਰਭ ਜੀਉ ਖਸਮਾਨਾ ਕਰਿ ਪਿਆਰੇ॥ ੪੨੦


### ਮਿਸ਼ਰਤ ਦੇਸ


੩੬੭. ਅਰਥ ਧਰਮ ਕਾਮ ਮੋਖ ਨਿਹਕਾਮ ਨਾਮੁ
ਪ੍ਰੇਮ ਰਸ ਰਸਿਕ ਹੋਇ ਲਾਲ ਮੇਰੇ ਆਏ ਹੈਂ॥ ੪੨੧

੩੬੮. ਹਮ ਬਾਰਿਕ ਪਿਤਾ ਪ੍ਰਭੁ ਦਾਤਾ॥ ੪੨੨

੩੬੯. ਘਨਿਹਰ ਬਰਸਿ ਸਗਲ ਜਗੁ ਛਾਇਆ॥ ੪੨੩

੩੭੦. ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥ ੪੨੫


### ਮਾਝ


੩੭੧. ਹਰਿਜਨ ਸੰਤ ਮਿਲਹੁ ਮੇਰੇ ਭਾਈ॥ ੪੨੬

੩੭੨. ਹਰਿ ਪਿਰ ਬਿਨੁ ਚੈਨ ਨ ਪਾਈਐ ਖੋਜਿ ਡਿਠੇ ਸਭਿ ਗੈਣ॥ ੪੨੭


### ਸੋਰਠਿ


੩੭੩. ਸਿਮਰਿ ਸਿਮਰਿ ਗੁਰੁ ਸਤਿਗੁਰੁ ਅਪਨਾ ਸਗਲਾ ਦੂਖੁ ਮਿਟਾਇਆ॥ ੪੨੮

*ਤਿਲਕ ਕਮੋਦ*
੩੭੪. ਤੂੰ ਸਾਜਨੁ ਤੂੰ ਪ੍ਰੀਤਮ ਮੇਰਾ॥ ੪੨੯
*ਝਿੰਝੋਟੀ*
੩੭੫. ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ॥ ੪੩੦
*ਪਹਾੜੀ ਝਿੰਝੋਟੀ*
੩੭੬. ਮਾਈ ਮੈ ਧਨੁ ਪਾਇਓ ਹਰਿ ਨਾਮੁ॥ ੪੩੧
*ਰਾਗੇਸ੍ਰੀ*
੩੭੭. ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥ ੪੩੨
*ਲੰਕੇਸ੍ਰੀ*
੩੭੮. ਕਰਤੇ ਕੁਦਰਤੀ ਮੁਸਤਾਕੁ॥ ੪੩੩
*ਕਲਾਵਤੀ*
੩੭੯. ਉਚਰਹੁ ਰਾਮ ਨਾਮੁ ਲਖ ਬਾਰੀ॥ ੪੩੪
*ਜੈਜਾਵੰਤੀ*
੩੮੦. ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ। ੪੩੫
੩੮੧. ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ॥ ੪੩੬

## ਆਸਾਵਰੀ ਥਾਟ

*ਆਸਾਵਰੀ*
੩੮੨. ਰਾਮ ਸਿਮਰ ਰਾਮ ਸਿਮਰ ਇਹੈ ਤੇਰੈ ਕਾਜਿ ਹੈ॥ ੪੩੭
੩੮੩. ਸਜਣੁ ਮੈਡਾ ਰੰਗੁਲਾ ਰੰਗੁ ਲਾਏ ਮਨੁ ਲੇਇ॥ ੪੩੮
੩੮੪. ਮਾਈ ਮੇਰੇ ਮਨ ਕੋ ਸੁਖੁ॥ ੪੩੯
੩੮੫. ਮੋਹਨੁ ਪ੍ਰਾਨ ਮਾਨ ਰਾਗੀਲਾ॥ ੪੪੦
੩੮੬. ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ॥ ੪੪੧
੩੮੭. ਅਗਮੁ ਅਨੰਤੁ ਅਨਾਦਿ ਆਦਿ ਜਿਸੁ ਕੋਇ ਨ ਜਾਣੈ॥ ੪੪੨
੩੮੮. ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥ ੪੪੩
੩੮੯. ਸਾਵਲ ਸੁੰਦਰ ਰਾਮਈਆ॥ ੪੪੪

*ਜੌਨਪੁਰੀ*

੩੯੦. ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾਂ॥ ੪੪੫
੩੯੧. ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ॥ ੪੪੬
੩੯੨. ਸਭੇ ਕਾਜ ਸੁਹੇਲੜੇ ਥੀਏ ਗੁਰੁ ਨਾਨਕੁ ਸਤਿਗੁਰੁ ਤੁਠਾ॥ ੪੪੭
੩੯੩. ਐਸੀ ਕਿਰਪਾ ਮੋਹਿ ਕਰਹੁ॥ ੪੪੮
੩੯੪. ਮਾਈ ਮੇਰੇ ਮਨ ਕੀ ਪ੍ਰੀਤਿ॥ ੪੪੯

*ਦਰਬਾਰੀ ਕਾਨੜਾ*

੩੯੫. ਗੁਰ ਅਰਜਨ ਵਿਟਹੁ ਕੁਰਬਾਣੀ॥ ੪੫੦
੩੯੬. ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ॥ ੪੫੧
੩੯੭. ਬਿਸਰਿ ਗਈ ਸਭ ਤਾਤਿ ਪਰਾਈ॥ ੪੫੨
੩੯੮. ਠਾਕੁਰ ਜੀਉ ਤੁਹਾਰੋ ਪਰਨਾ॥ ੪੫੩
੩੯੯. ਮੈ ਬਨਜਾਰਨਿ ਰਾਮ ਕੀ॥ ੪੫੪

*ਗੋਪੀ ਬਸੰਤ*

੪੦੦. ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥ ੪੫੫

*ਜੀਓਪੂਰਨੀ*

੪੦੧. ਤੇਰੀ ਸਰਣਿ ਪੂਰਨ ਦਇਆਲਾ॥ ੪੫੬


## ਟੋਡੀ ਥਾਟ


*ਸ਼ੁਧ ਟੋਡੀ*

੪੦੨. ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ ਕਹਤ ਮਾ ਜਸੋਦ ਜਿਸਹਿ ੪੫੭
੪੦੩. ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾਂ॥ ੪੫੮
੪੦੪. ਮਾਈ ਚਰਨ ਗੁਰ ਮੀਠੇ॥ ੪੫੯
੪੦੫. ਰੇ ਮਨ ਤਾ ਕਉ ਧਿਆਈਐ ਸਭ ਬਿਧਿ ਜਾ ਕੈ ਹਾਥਿ॥ ੪੬੦
੪੦੬. ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥ ੪੬੧
੪੦੭. ਮਾਈ ਚਰਨ ਗੁਰ ਮੀਠੇ॥ ੪੬੨
੪੦੮. ਪੰਜਿ ਪਿਆਲੇ ਪੰਜ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ। ੪੬੩
੪੦੯. ਕਹਉ ਕਹਾ ਅਪਨੀ ਅਧਮਾਈ॥ ੪੬੪

*ਮੁਲਤਾਨੀ ਟੋਡੀ*
੪੧੦. ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ॥ ੪੬੫
੪੧੧. ਬਿਸਰਿ ਗਈ ਸਭ ਤਾਤਿ ਪਰਾਈ॥ ੪੬੬
੪੧੨. ਗੁਰਮਤੀ ਹਰਿ ਹਰਿ ਬੋਲੇ॥ ੪੬੭

*ਕਰਨਾਟੀ ਟੋਡੀ*
੪੧੩. ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥ ੪੬੮

*ਭੂਪਾਲ ਟੋਡੀ*
੪੧੪. ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰ ਗਨੀਮਨ ਗਾਰੈ॥ ੪੬੯

*ਗੂਜਰੀ*
੪੧੫. ਠਾਕੁਰ ਹੋਏ ਆਪਿ ਦਇਆਲ॥ ੪੭੦

## ਮਾਰਵਾ ਥਾਟ

*ਮਾਰਵਾ*
੪੧੬. ਸਾਜਨੁ ਦੇਖਾ ਤਾ ਗਲਿ ਮਿਲਾ ਸਾਚੁ ਪਠਾਇਓ ਲੇਖੁ॥ ੪੭੧
੪੧੭. ਬਾਬੀਹਾ ਤੂੰ ਸਚੁ ਚਉ ਸਚੇ ਸਉ ਲਿਵ ਲਾਇ॥ ੪੭੨

*ਬਸੰਤ ਹਿੰਡੋਲ*
੪੧੮. ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ॥ ੪੭੩
੪੧੯. ਬਸੰਤੁ ਚੜਿਆ ਫੂਲੀ ਬਨਰਾਇ॥ ੪੭੪
੪੨੦. ਰੇ ਮਨ ਲੇਖੈ ਕਬਹੂ ਨ ਪਾਇ॥ ੪੭੫

*ਲਲਿਤ*
੪੨੧. ਦਰਸਨ ਕਉ ਲੋਚੈ ਸਭੁ ਕੋਈ॥ ੪੭੬
੪੨੨. ਬਾਬੀਹਾ ਤੂੰ ਸਹਜਿ ਬੋਲਿ ਸਚੈ ਸਬਦਿ ਸੁਭਾਇ॥ ੪੭੭

*ਬੈਰਾੜੀ*
੪੨੩. ਜਪਿ ਮਨ ਹਰਿ ਹਰਿ ਨਾਮੁ ਨਿਤ ਧਿਆਇ॥ ੪੭੮

*ਸੋਹਣੀ*
੪੨੪. ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ॥ ੪੭੯

## ਪੂਰਬੀ ਥਾਟ


*ਪੂਰਬੀ*

੪੨੫. ਅਬ ਮੋਹਿ ਜਲਤ ਰਾਮ ਜਲੁ ਪਾਇਆ ॥ ੪੮੦

*ਪਰਜ*

੪੨੬. ਅਬ ਮੋਹਿ ਰਾਮੁ ਅਪੁਨਾ ਕਰਿ ਜਾਨਿਆ ॥ ੪੮੧
੪੨੭. ਰਾਮਈਆ ਹਉ ਬਾਰਿਕੁ ਤੇਰਾ ॥ ੪੮੨
੪੨੮. ਚਰਨ ਕਮਲ ਕੀ ਆਸ ਪਿਆਰੇ ॥ ੪੮੩

*ਸ਼ੁਧ ਬਸੰਤ*

੪੨੯. ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥ ੪੮੪

*ਬਸੰਤ*

੪੩੦. ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ ॥ ੪੮੫
੪੩੧. ਮਾਧੌ ਸਾਧੂ ਜਨ ਦੇਹੁ ਮਿਲਾਇ ॥ ੪੮੬

*ਬਸੰਤ ਅਨੂਪ*

੪੩੨. ਮਾਧੋ ਸਾਧੂ ਜਨ ਦੇਹੁ ਮਿਲਾਇ ॥ ੪੮੭

*ਜੈਤਸਰੀ*

੪੩੩. ਆਪੇ ਜੋਗੀ ਜੁਗਤਿ ਜੁਗਾਹਾ ॥ ੪੮੯
੪੩੪. ਸਤਿਗੁਰੁ ਸਾਜਨੁ ਪੁਰਖੁ ਵਡ ਪਾਇਆ ਹਰਿ ਰਸਕਿ ਰਸਕਿ ਫਲ ਲਾਗਿਬਾ ॥ ੪੯੦
੪੩੫. ਭੂਲਿਓ ਮਨੁ ਮਾਇਆ ਉਰਝਾਇਓ ॥ ੪੯੧

*ਸ੍ਰੀ ਰਾਗ*

੪੩੬. ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ ॥ ੪੯੨
੪੩੭. ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ ॥ ੪੯੩
੪੩੮. ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥ ੪੯੪
੪੩੯. ਭਾਈ ਰੇ ਇਕ ਮਨਿ ਨਾਮੁ ਧਿਆਇ ॥ ੪੯੫
੪੪੦. ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ ॥ ੪੯੬

# ਕੀਰਤਨ ਵਿਦਿਆਲੇ ਦੇ ਨਿਯਮ

੧. ਮਹਿਤੇ ਕੀਰਤਨ ਵਿਦਿਆਲੇ ਵਿਚ ਰਾਗ ਵਿੱਦਿਆ ਸਿੱਖਣ ਵਾਲਿਆਂ ਲਈ ਇਹ ਜ਼ਰੂਰੀ ਹੈ ਕਿ ਆਪਣੀ ਸੰਥਿਆ ਹਰ ਰੋਜ਼ ਕਰਨ ਅਤੇ ਉਸਦਾ ਵੱਧ ਤੋਂ ਵੱਧ ਅਭਿਆਸ ਕਰਨ।

੨. ਰਾਗ ਵਿਦਿਆ ਦੇ ਪ੍ਰਿੰਸੀਪਲ ਅਤੇ ਜਥੇਦਾਰ ਦੀ ਪੂਰੀ ਪੂਰੀ ਆਗਿਆ ਮੰਨਣ।

੩. ਵਿਦਿਆਲੇ ਵਿਚ ਰਹਿਣ ਵਾਲੇ ਹਰੇਕ ਸਿੰਘ ਨੂੰ ਦੋ ਘੰਟੇ ਸੇਵਾ ਕਰਨੀ ਜ਼ਰੂਰੀ ਹੈ। ਕਿਸੇ ਵਿਸ਼ੇਸ਼ ਥਾਂ ਬਹੁਤ ਸਮਾਂ ਸੇਵਾ ਦੀ ਲੋੜ ਪਵੇ ਤਾਂ ਉਹ ਵੀ ਕਰਨੀ ਪਵੇਗੀ। ਜਿਵੇਂ ਬਾਹਰੋਂ ਆਈ ਸੰਗਤ ਦੀ ਸੇਵਾ, ਲੰਗਰ, ਬਾਲਣ ਆਦਿ ਦੀ ਸੇਵਾ।

੪. ਬਿਨਾਂ ਆਗਿਆ ਪਿੰਡ ਵਿਚ, ਚੌਂਕ ਵਿਚ, ਆਸੇ-ਪਾਸੇ ਜਾਂ ਆਪਣੇ ਪਿੰਡ ਨੂੰ ਨਹੀਂ ਜਾ ਸਕਦੇ। ਸਾਲ ਵਿਚ ਦੋ ਵਾਰੀ ਪਿੰਡ ਨੂੰ ਜਾਣ ਦਾ ਕਿਰਾਇਆ ਦਿੱਤਾ ਜਾਵੇਗਾ।

੫. ਬਸਤਰ (ਕ੍ਰਿਆ) ਜਥੇ ਦੇ ਸਿੰਘਾਂ ਨਾਲ ਮਿਲਿਆ ਕਰੇਗੀ। ਨਵੇਂ ਵਿਦਿਆਰਥੀ ਲੋੜ ਅਨੁਸਾਰ ਸਮਾਨ ਨਾਲ ਲੈ ਕੇ ਆਉਣ।

੬. ਗੁਰਦੁਆਰੇ ਸਾਹਿਬ ਨੂੰ ਆਪਣੇ ਘਰ ਨਾਲੋਂ ਚੰਗਾ ਜਾਣ ਕੇ ਰਹਿਣ। ਜਥੇ ਦੀ, ਵਿਦਿਆਲੇ ਦੀ ਅਤੇ ਆਪਣੀ ਹਰ ਸਮੇਂ ਚੜ੍ਹਦੀ ਕਲਾ ਦੇ ਇੱਛੁਕ ਰਹਿਣ। ਹਮੇਸ਼ਾ ਜਥੇ ਨਾਲ ਸੰਬੰਧ ਰੱਖਣ।

੭. ਗੁਰਮਤਿ ਦਾ ਪ੍ਰਚਾਰ ਅਤੇ ਅਭਿਆਸ ਕਰਨ ਲਈ ਉਸਤਾਦ ਦੀ ਆਗਿਆ ਲੈ ਕੇ ਵਿਸ਼ੇਸ਼ ਦੀਵਾਨਾਂ 'ਤੇ ਬਾਹਰ ਪਿੰਡਾਂ, ਸ਼ਹਿਰਾਂ ਵਿਚ ਜਾਣਾ। ਪ੍ਰੇਮੀਆਂ ਜਾਂ ਸੰਗਤਾਂ ਪਾਸੋਂ ਮਾਇਆ ਦਾ ਲਾਲਚ ਨਹੀਂ ਕਰਨਾ।

੮. ਇਕ ਦੂਜੇ ਤੋਂ ਸਿੱਖਣ ਤੇ ਸਿਖਾਉਣ ਦਾ ਸੁਭਾਅ ਬਨਾਉਣਾ। ਕਲਾਸ ਦੀ ਘੰਟੀ ਵੱਜਣ 'ਤੇ ਸਾਰੇ ਵਿਦਿਆਰਥੀ ਇਕੱਠੇ ਹੋ ਜਾਣ, ਜਿੰਨੇ ਸ਼ਬਦ ਕੱਢਣ, ਉਹ ਜ਼ਬਾਨੀ ਕੰਠ ਹੋਣ। ਜਿੰਨਾ ਚਿਰ ਉਹ ਸ਼ਬਦ ਜ਼ਬਾਨੀ ਕੰਠ ਨਹੀਂ ਹੋਣਗੇ, ਅੱਗੇ ਸੰਥਿਆ ਨਹੀਂ ਹੋਵੇਗੀ।

੯. ਜਥੇ ਵਿਚ ਰਹਿਣ ਵਾਲੇ ਸਾਰੇ ਨਿਯਮਾਂ ਦੇ ਧਾਰਨੀ ਹੋਣਾ।

[*ਖ਼ਾਲਸਾ ਜੀਵਨ*, ਪੰਨਾ—੧੭੮]

**—ਕ੍ਰਿਤ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲੇ**

# ਕੀਰਤਨ ਵਿਦਿਆਲੇ ਦੇ ਪਹਿਲੇ ਪ੍ਰਿੰਸੀਪਲਾਂ ਦੇ ਨਾਮ

੧. ਰਾਗੀ ਭਾਈ ਸੋਹਣ ਸਿੰਘ ਜੀ, ਪਿੰਡ ਝਿੱਕਾ, ਜ਼ਿਲ੍ਹਾ ਹੁਸ਼ਿਆਰਪੁਰ।

੨. ਰਾਗੀ ਭਾਈ ਬਲਦੇਵ ਸਿੰਘ ਜੀ, ਅੰਮ੍ਰਿਤਸਰ।

੩. ਸਚਖੰਡ ਵਾਸੀ ਰਾਗੀ ਭਾਈ ਜਸਵੰਤ ਸਿੰਘ ਜੀ, ਪਿੰਡ ਕੁਲਾਰ, ਜ਼ਿਲ੍ਹਾ ਲੁਧਿਆਣਾ।

੪. ਰਾਗੀ ਭਾਈ ਪ੍ਰੀਤਮ ਸਿੰਘ ਜੀ ਜ਼ਖ਼ਮੀ।

੫. ਹੁਣ ਵਰਤਮਾਨ ਸਮੇਂ ਵਿਚ ਕਈ ਸਾਲਾਂ ਤੋਂ ਰਾਗੀ ਭਾਈ ਪੂਰਨ ਸਿੰਘ ਜੀ (ਕੁਹਾੜਕਾ ਨਗਰ ਦੇ) ਪ੍ਰੇਮ ਨਾਲ ਕੀਤਰਨ ਸਿਖਾ ਰਹੇ ਹਨ।

ੴ ਸਤਿਗੁਰ ਪ੍ਰਸਾਦਿ ॥

# ਦੋ ਸ਼ਬਦ

*ਸਲੋਕੁ ਮਃ ੫ ॥*
*'ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥*
*ਧੰਨੁ ਸੁ ਜੰਤ ਸੁਹਾਵੜੇ ਜੋ ਗੁਰਮੁਖਿ ਜਪਦੇ ਨਾਉ ॥'* [ਅੰਗ–੯੫੮]

ਸਮੁੱਚੀ ਗੁਰਬਾਣੀ ਮਨੁੱਖੀ ਜੀਵਨ ਦਾ ਆਦਰਸ਼ ਪ੍ਰਭੂ ਮਿਲਾਪ ਦੱਸਦੀ ਹੈ, ਤੇ ਇਸ ਮਿਲਾਪ ਲਈ ਆਤਮਾ ਨੂੰ ਤਿਆਰ ਕਰਨ ਲਈ ਸੰਗੀਤ ਦਾ ਸਹਾਰਾ ਲਿਆ ਜਾਂਦਾ ਹੈ।

ਗੁਰਬਾਣੀ ਸੰਗੀਤ ਦੇ ਮੋਢੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਹਨ। ਸਾਰੇ ਸਤਿਗੁਰੂ ਸਾਹਿਬਾਨ ਨਾ ਕੇਵਲ ਸੰਗੀਤ ਪ੍ਰੇਮੀ ਹੀ ਸਨ, ਸਗੋਂ ਉੱਚ ਕੋਟੀ ਦੇ ਗਾਇਕ ਵੀ ਸਨ। ਜਿਨ੍ਹਾਂ ਨੇ ਸਮੁੱਚੀ 'ਧੁਰ ਕੀ ਬਾਣੀ' ਕਾਵਿ ਤੇ ਸੰਗੀਤ ਨੂੰ ਮਿਲਾ ਕੇ ਉਚਾਰਨ ਕੀਤੀ ਹੈ। ਸਤਿਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨ ਰਬਾਬੀਆਂ ਨਾਲ ਜਾਂ ਆਪ ਸੁਤੰਤਰ ਰੂਪ ਵਿਚ ਗੁਰਬਾਣੀ ਦਾ ਰਾਗਾਂ ਵਿਚ ਕੀਰਤਨ ਕਰਦੇ ਰਹੇ ਹਨ ਅਤੇ ਆਗਿਆ ਵੀ ਕੀਤੀ ਹੈ ਕਿ ਹੇ ਹਰੀ ਦੇ ਜਨੋ! ਤੁਸੀਂ ਵੀ ਪਰਮੇਸ਼ਰ ਦੀ ਸਿਫ਼ਤ-ਸਲਾਹ ਰਾਗਾਂ ਵਿਚ ਹੀ ਕਰੋ। ਯਥਾ :—

*'ਗੁਣ ਗੋਵਿੰਦ ਗਾਵਹੁ ਸਭਿ ਹਰਿਜਨ;*
*ਰਾਗ ਰਤਨ ਰਸਨਾ ਆਲਾਪ ॥'* [ਬਿਲਾਵਲੁ ਮਹਲਾ ੫, ਅੰਗ–੮੨੧]

ਗੁਰੂ ਸਾਹਿਬਾਂ ਨੇ ਉਨ੍ਹਾਂ ਰਾਗਾਂ ਨੂੰ ਹੀ ਉੱਤਮ ਮੰਨਿਆ ਹੈ, ਜਿਨ੍ਹਾਂ ਦੇ ਗਾਇਨ ਕਰਨ ਨਾਲ ਪਾਰਬ੍ਰਹਮ ਪਰਮੇਸ਼ਰ ਦਾ ਨਾਮ ਹਿਰਦੇ ਵਿਚ ਵੱਸ ਜਾਵੇ। ਯਥਾ :—

*'ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥'*
[ਸਲੋਕ ਮਹਲਾ ੪, ਅੰਗ–੧੪੨੩]

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਾਂ ਕਿੱਤੇਦਾਰ ਰਬਾਬੀਆਂ ਦੀ ਥਾਂ ਗੁਰੂ ਕੇ ਸਿੱਖਾਂ ਵਿਚੋਂ ਹੀ ਕੀਰਤਨਕਾਰ ਅਤੇ ਸੰਗੀਤਾਚਾਰੀਆ ਬਨਾਉਣ ਦੀ ਪ੍ਰਥਾ ਤੋਰੀ। ਜੋ 'ਆਪਿ ਜਪੈ ਅਵਰਹ ਨਾਮੁ ਜਪਾਵੈ ॥' ਅਨੁਸਾਰ ਆਪਣੀ ਨਿਸ਼ਕਾਮੀ ਅਤੇ ਪਰਉਪਕਾਰੀ ਭਾਵਨਾ ਬਣਾ ਕੇ 'ਗੁਰਮੁਖਿ ਗਾਡੀ ਰਾਹ' ਤੋਂ ਭਟਕੇ ਜੀਵਾਂ ਨੂੰ 'ਕੀਰਤਨ ਭਗਤੀ' ਦੇ ਰਸਤੇ ਤੋਰ ਕੇ ਪ੍ਰਭੂ ਮਿਲਾਪ ਦੀ ਤੜਪ ਤੇ ਤਾਂਘ ਪੈਦਾ ਕਰਨ। ਤਾਂ ਕਿ ਬਿਰਹੋਂ ਦੀ ਤਪਸ਼ ਨਾਲ ਵਿਆਕੁਲ ਆਤਮਾ ਨੂੰ 'ਚਰਨ ਕਮਲ ਦੀ ਮਉਜ' ਰੂਪ ਸਮੁੰਦਰ ਵਿਚ ਹਮੇਸ਼ਾ ਲਈ ਨਿਵਾਸ ਮਿਲ ਸਕੇ।

ਐਸੇ ਹੀ ਸਨ ਮਹਾਨ ਸੰਗੀਤਾਚਾਰੀਆ ਸਚਖੰਡ ਵਾਸੀ, ਰਾਗੀ ਜਸਵੰਤ ਸਿੰਘ ਜੀ 'ਕੁਲਾਰ'। ਜਿਨ੍ਹਾਂ ਨੇ ਆਪਣਾ ਸਾਰਾ ਹੀ ਜੀਵਨ ਗੁਰਬਾਣੀ ਸੰਗੀਤ ਨੂੰ ਸਮਰਪਿਤ ਕੀਤਾ। ਆਪ ਕੇਵਲ ਬੰਦਸ਼ਕਾਰ ਜਾਂ ਸਿਧਾਂਤਕਾਰ ਹੀ ਨਹੀਂ ਸਨ, ਸਗੋਂ ਸੰਗੀਤ ਦੇ ਸਫਲ ਪ੍ਰਸਤੁਤਕਾਰ ਵੀ ਸਨ। ਆਪ ਜੀ ਦੀ ਰਸਨਾ ਵਿਚ ਇਤਨਾ ਬਲ ਸੀ ਕਿ ਸੁਨਣ ਵਾਲਾ 'ਮੰਤ੍ਰ ਮੁਗਧ' ਹੋ ਜਾਂਦਾ। ਗੁਰ ਕੀਰਤਨ ਆਪ ਜੀ ਦੇ ਜੀਵਨ ਦਾ ਅਨਿੱਖੜ ਅੰਗ ਸੀ, ਜੋ ਉਮਰ ਦੇ ਅੰਤਿਮ ਸਾਹ ਤੱਕ ਆਪ ਜੀ ਦੇ ਨਾਲ ਨਿਭਿਆ। ਯਥਾ :—

*'ਕੀਰਤਨ ਨਾਮੁ ਸਿਮਰਤ ਰਹਉ ਜਬ ਲਗੁ ਘਟਿ ਸਾਸੁ ॥੧॥'*

[ਬਿਲਾਵਲੁ ਮਹਲਾ ੫, ਅੰਗ—੮੧੮]

ਪਰਉਪਕਾਰੀ ਸੁਭਾਅ ਮੁਤਾਬਿਕ ਗੁਰਬਾਣੀ ਕੀਰਤਨ ਦੇ 'ਅਖੁੱਟ ਖ਼ਜ਼ਾਨੇ' ਨੂੰ ਆਪ ਨੇ ਬੜੀ ਫ਼ਰਾਖ਼ ਦਿਲੀ ਨਾਲ ਦੇਸ਼ਾਂ ਪ੍ਰਦੇਸ਼ਾਂ ਵਿਚ ਵਿਦਿਆਰਥੀਆਂ ਨੂੰ ਵੰਡਿਆ। ਮਹਿਤੇ ਕੀਰਤਨ ਵਿਦਿਆਲੇ ਵਿਚ ਆਪ ਜੀ ਨੇ ਲੱਗਭੱਗ ਤਿੰਨ ਸਾਲ (੧੯੭੬ ਤੋਂ ੭੯ ਤਕ) ਪੂਰੀ ਲਗਨ ਤੇ ਮਿਹਨਤ ਨਾਲ ਵਿਦਿਆਰਥੀਆਂ ਨੂੰ ਗੁਰਬਾਣੀ ਸੰਗੀਤ ਦੀ ਸਿਖਲਾਈ ਦਿੱਤੀ। ਜਿਹੜੀਆਂ ਰਾਗਾਂ ਦੀਆਂ ਬੰਦਸ਼ਾਂ ਆਪ ਬੜੇ ਸੁਚੱਜੇ ਤੇ ਸੁਖਾਲੇ ਢੰਗ ਨਾਲ ਸਿਖਾਇਆ ਤੇ ਸੁਣਾਇਆ ਕਰਦੇ, ਉਹ ਇਸ *'ਸੰਗੀਤ ਸਾਗਰ'* ਪੁਸਤਕ ਵਿਚ ਦਰਜ ਹਨ। ਜੋ ਕਿ ਸੰਗੀਤ ਖੇਤਰ ਵਿਚ ਇਕ ਵੱਡਮੁੱਲਾ ਯੋਗਦਾਨ ਹੈ।

ਇਸ ਪੁਸਤਕ ਦੀ ਪਹਿਲੀ ਐਡੀਸ਼ਨ ਸਮਾਪਤ ਹੋਈ ਨੂੰ ਕਾਫ਼ੀ ਸਮਾਂ ਹੋ ਚੁੱਕਾ ਸੀ ਤੇ ਦੂਜੀ ਐਡੀਸ਼ਨ ਦੀ ਵਿਦਿਆਰਥੀਆਂ ਵੱਲੋਂ ਬਹੁਤ ਮੰਗ ਸੀ। ਸੋ, ਕੀਰਤਨ ਪ੍ਰੇਮੀਆਂ ਦੀ ਪ੍ਰਬਲ ਇੱਛਾ ਨੂੰ ਮੁੱਖ ਰੱਖ ਕੇ ਆਪ ਜੀ ਦੀ ਅਭੁੱਲ ਯਾਦ ਇਸ *'ਸੰਗੀਤ ਸਾਗਰ'* ਪੁਸਤਕ ਦੀ ਦੂਜੀ ਐਡੀਸ਼ਨ ਨੂੰ ਦਮਦਮੀ ਟਕਸਾਲ ਵੱਲੋਂ ਪ੍ਰਕਾਸ਼ਤ ਕਰਕੇ ਅਸੀਂ ਬੜਾ ਫ਼ਖ਼ਰ ਮਹਿਸੂਸ ਕਰ ਰਹੇ ਹਾਂ।

ਪਹਿਲਾਂ ਪੁਸਤਕ ਵਿਚਲੇ ਸ਼ਬਦਾਂ ਨੂੰ ਸਮਝਣ ਵਿਚ ਕਾਫ਼ੀ ਮੁਸ਼ਕਲ ਆਉਂਦੀ ਸੀ। ਇਸ ਲਈ ਹੁਣ ਸਾਰੇ ਸ਼ਬਦਾਂ ਨੂੰ ਤਾਲ ਮੁਤਾਬਿਕ ਹਿੱਸਿਆਂ ਵਿਚ ਵੰਡ ਕੇ, ਮਾਤਰਾ ਨੰ: ਉੱਪਰ ਅਤੇ ਤਾਲ ਚਿੰਨ੍ਹ ਹੇਠਾਂ ਲਿਖ ਦਿੱਤੇ ਹਨ। ਤਾਲ ਦੀ ਜਿਸ ਮਾਤਰਾ ਤੋਂ ਸ਼ਬਦ ਆਰੰਭ ਹੋਣਾ ਹੈ, ਉਸੇ ਮਾਤਰਾ ਤੋਂ ਹੀ ਲਿਖਣਾ ਆਰੰਭ ਕੀਤਾ ਹੈ ਤਾਂਕਿ ਝਟਪਟ ਹੀ ਸਮਝਿਆ ਜਾ ਸਕੇ। ਕੁਝ ਹੋਰ ਰਾਗਾਂ ਦੀਆਂ ਲਿੱਪੀਆਂ ਤੇ ਸ਼ਬਦ ਪਾ ਕੇ ਵਾਧਾ ਵੀ ਕੀਤਾ ਗਿਆ ਹੈ। ਕੁਲ ੪੪੦ ਸ਼ਬਦ ਪਾਏ ਗਏ ਹਨ। ਸਮੂਹ ਰਾਗਾਂ ਨੂੰ ਥਾਟਾਂ ਮੁਤਾਬਿਕ ਵੰਡ ਦਿੱਤਾ ਹੈ ਅਤੇ ਸਭ ਤੋਂ ਹੇਠਾਂ ਪੂਰਾ ਸ਼ਬਦ ਜਾਂ ਜਗ੍ਹਾ ਘੱਟ ਹੋਣ ਕਰਕੇ ਸ਼ਬਦ ਦੀ ਇਕ ਹੀ ਪੰਗਤੀ ਲਿਖ ਕੇ ਨਾਲ ਹਵਾਲਾ ਦੇ ਦਿੱਤਾ ਹੈ।

ਇਸ ਪੁਸਤਕ ਦੀ ਸੁਧਾਈ ਕਰਨ ਅਤੇ ਪਰੂਫ਼ ਪੜ੍ਹਨ ਵਿਚ ਰਾਗੀ ਉਂਕਾਰ ਸਿੰਘ (Vocal M.A.) ਤੇ ਰਾਗੀ ਬਾਵਾ ਸਿੰਘ (Vocal B.A.) ਨੇ ਦਾਸ ਦੀ ਬਹੁਤ ਮਦਦ ਕੀਤੀ ਹੈ, ਜਿਸ ਕਰਕੇ ਦਾਸ ਇਨ੍ਹਾਂ ਦਾ ਤਹਿ ਦਿਲੋਂ ਧੰਨਵਾਦੀ ਹੈ।

ਆਪਣੇ ਵੱਲੋਂ ਪੁਸਤਕ ਨੂੰ ਹਰ ਪੱਖੋਂ ਨਵਾਂ ਰੂਪ ਦੇਣ ਅਤੇ ਲਿੱਪੀਆਂ ਸੋਧ ਕੇ ਛਾਪਣ ਦੀ ਕੋਸ਼ਿਸ਼ ਕੀਤੀ ਗਈ ਹੈ, ਫਿਰ ਵੀ ਗ਼ਲਤੀਆਂ ਰਹਿ ਜਾਣੀਆਂ ਸੁਭਾਵਿਕ ਹੀ ਹਨ, ਪ੍ਰੇਮੀ ਜਨ ਸੋਧ ਲੈਣ ਤੇ ਦਾਸ ਨੂੰ ਸੂਚਿਤ ਕਰਨ ਦੀ ਖੇਚਲ ਕਰਨ, ਤਾਂਕਿ ਅਗਲੀ ਐਡੀਸ਼ਨ ਵਿਚ ਤਰਮੀਮ ਕੀਤੀ ਜਾ ਸਕੇ।

ਆਸ ਹੈ ਕਿ ਇਹ ਪੁਸਤਕ ਕੀਰਤਨ ਵਿਦਿਆਰਥੀਆਂ ਲਈ ਬੜੀ ਲਾਹੇਵੰਦ ਸਿੱਧ ਹੋਵੇਗੀ।

*ਦਮਦਮੀ ਟਕਸਾਲ ਦਾ ਵਿਦਿਆਰਥੀ ਤੇ*
*ਇਸ ਪੁਸਤਕ ਦਾ 'ਸੰਪਾਦਕ'*

ਮਿਤੀ : ੧-੪-੨੦੦੨

**ਜਤਿੰਦਰ ਸਿੰਘ**
ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼,
ਮਹਿਤਾ, ਸ੍ਰੀ ਅੰਮ੍ਰਿਤਸਰ।

# ਸੰਗੀਤਕ ਸੁਰਾਂ ਦਾ ਸਿਰਤਾਜ
# ਰਾਗੀ ਜਸਵੰਤ ਸਿੰਘ

ਦੁਨੀਆਂ ਵਿਚ ਬਹੁਤ ਘੱਟ ਲੋਕ ਅਜਿਹੇ ਹੁੰਦੇ ਨੇ ਜਿਹੜੇ ਆਪਣੇ ਗੁਣਾਂ ਸਦਕਾ ਹਮੇਸ਼ਾ ਲਈ ਜ਼ਿੰਦਾ ਰਿਹਾ ਕਰਦੇ ਨੇ। ਅਸੀਂ ਤੁਸੀਂ ਤੇ ਹੋਰ ਬਹੁਤ ਸਾਰੇ ਤਾਂ ਬੱਸ ਐਵੇਂ ਹੀ ਜੂਨ ਪੂਰੀ ਕਰਨ ਲਈ ਦੁਨੀਆਂ ਵਿਚ ਆਉਂਦੇ ਹਾਂ। ਜਿਸ ਪ੍ਰਾਣੀ ਨੇ ਇਸ ਸੰਸਾਰ ਵਿਚ ਜਨਮ ਲੈ ਕੇ ਮਨੁੱਖਾ ਜੂਨ ਧਾਰਣ ਕਰਕੇ ਕੋਈ ਪਰਉਪਕਾਰ ਨਹੀਂ ਕੀਤਾ, ਨੇਕ ਕਮਾਈ ਨਹੀਂ ਕੀਤੀ, ਕਿਸੇ ਦੁਖੀਏ ਦਾ ਦੁੱਖ ਨਹੀਂ ਵੰਡਾਇਆ ਤੇ ਨਾਮ ਬਾਣੀ ਦਾ ਸਿਮਰਨ ਕਰਕੇ ਮਾਨਸਿਕ ਸੁਖ ਨੂੰ ਨਸੀਬ ਨਹੀਂ ਕੀਤਾ, ਉਸ ਦਾ ਇਸ ਦੁਨੀਆਂ ਵਿਚ ਆਉਣਾ ਐਵੇਂ ਧਰਤੀ ਉਪਰ ਇਕ ਬੋਝ ਹੀ ਹੁੰਦਾ ਹੈ। ਬ੍ਰਹਮ ਗਿਆਨੀ ਦੀ ਵੱਡੀ ਨਿਸ਼ਾਨੀ ਹੀ ਇਹ ਹੈ ਕਿ ਉਹ ਹਮੇਸ਼ਾ ਪਰਉਪਕਾਰ ਕਰਨ ਲਈ ਉਤਾਵਲਾ ਹੋਇਆ ਰਹਿੰਦਾ ਹੈ। ਦੂਸਰਿਆਂ ਦੇ ਕੰਮ ਆਉਣਾ ਤੇ ਕਿਸੇ ਲੋੜਵੰਦ ਦੀ ਲੋੜ ਪੂਰੀ ਕਰਨਾ ਉਸਦੀ ਸਭ ਤੋਂ ਵੱਡੀ ਖ਼ੁਸ਼ੀ ਹੁੰਦੀ ਹੈ।

ਸ੍ਰੀਮਾਨ ਰਾਗੀ ਜਸਵੰਤ ਸਿੰਘ ਜੀ ਐਸੇ ਹੀ ਇਕ ਮਹਾਨ ਵਿਅਕਤੀ ਸਨ। ਗੁਰੂ ਮਹਾਰਾਜ ਜੀ ਨੇ ਇਨ੍ਹਾਂ ਨੂੰ ਰਾਗ ਵਿੱਦਯਾ ਦੇ ਪੂਰਨ ਭੰਡਾਰ ਦੀ ਦਾਤ ਬਖ਼ਸ਼ੀ ਹੋਈ ਸੀ। ਆਪ ਜੀ ਨੇ ਸਾਰੀ ਉਮਰ, ਇਸ ਕੀਮਤੀ ਭੰਡਾਰੇ ਨੂੰ ਮੁੱਠਾਂ ਭਰ ਭਰ ਕੇ ਲੁਟਾਇਆ, ਸੰਗੀਤ ਦੀ ਖ਼ੂਬ ਲੁੱਟ ਮਚਾਈ। ਜਿਵੇਂ ਲੋਹਾ ਪਾਰਸ ਨਾਲ ਲੱਗ ਕੇ ਸੋਨਾ ਬਣ ਜਾਇਆ ਕਰਦਾ ਹੈ, ਇਸੇ ਤਰ੍ਹਾਂ ਰੂੜੀਆਂ ਦੇ ਢੇਰਾਂ ਵਿਚ ਰੁਲਦੇ ਹੋਏ ਕਈ ਸੈਂਕੜੇ ਲੋਹੇ ਦੇ ਟੁਕੜੇ ਇਸ ਪਾਰਸ ਨਾਲ ਲੱਗ ਕੇ ਸੋਨਾ ਬਣ ਗਏ। ਯਥਾ :—

*'ਓਇ ਭੀ ਚੰਦਨੁ ਹੋਇ ਰਹੇ, ਬਸੇ ਜੁ ਚੰਦਨ ਪਾਸਿ ॥੧੧॥'*

[ਸਲੋਕ ਕਬੀਰ ਜੀ, ਅੰਗ—੧੩੬੫]

## ਬਚਪਨ ਦਾ ਸਮਾਂ

ਰਾਗੀ ਜਸਵੰਤ ਸਿੰਘ ਦਾ ਜਨਮ ੧੦ ਜੁਲਾਈ, ੧੯੧੩ ਨੂੰ ਤਹਿਸੀਲ ਜਗਰਾਓਂ (ਲੁਧਿਆਣਾ) ਦੇ ਪਿੰਡ ਕੁਲਾਰ ਵਿਚ ਹੋਇਆ। ਪਿਤਾ ਦਾ ਨਾਮ ਸ: ਕੇਹਰ ਸਿੰਘ ਜੀ ਤੇ ਮਾਤਾ ਦਾ ਨਾਮ ਰਾਜ ਕੌਰ ਜੀ ਸੀ। ਛੋਟੀ ਉਮਰ ਵਿਚ ਹੀ ਚੇਚਕ ਦੀ ਚੰਦਰੀ ਬਿਮਾਰੀ ਨੇ ਨੈਣਾਂ ਦੀ ਜੋਤਿ ਖ਼ਤਮ ਕਰ ਦਿੱਤੀ ਸੀ। ਇਕਲੌਤਾ ਪੁੱਤਰ ਹੋਣ ਕਰਕੇ ਮਾਂ ਬਾਪ ਬਹੁਤ ਪਿਆਰ ਕਰਦੇ ਸਨ।

ਇਨ੍ਹਾਂ ਦੀ ਰੀਝ ਸੀ ਕਿ ਆਪਣੇ ਲਾਡਲੇ ਬੇਟੇ ਨੂੰ ਵੱਧ ਤੋਂ ਵੱਧ ਲਾਇਕ ਬਣਾਇਆ ਜਾਵੇ। ਸਕੂਲੀ ਵਿੱਦਿਆ ਦੇਣੀ ਤਾ ਸੰਭਵ ਨਹੀਂ ਸੀ, ਇਸ ਲਈ ਇਹੀ ਮੁਨਾਸਿਬ ਸਮਝਿਆ ਗਿਆ ਕਿ ਇਸ ਨੂੰ ਰਾਗ ਵਿੱਦਿਆ ਦੀ ਸਿਖਲਾਈ ਦਿੱਤੀ ਜਾਵੇ। ਪਿੰਡ ਦੇ ਗ੍ਰੰਥੀ ਭਾਈ ਪੂਰਨ ਸਿੰਘ ਨੇ ਛੋਟੀ ਹੀ ਇਸ ਹੋਣਹਾਰ ਬੱਚੇ ਨੂੰ ਨਿਤਨੇਮ ਦੀਆਂ ਪੰਜ ਬਾਣੀਆਂ ਤੋਂ ਬਿਨਾਂ ਗੁਰਬਾਣੀ ਦੇ ਕਈ ਸੈਂਕੜੇ ਸ਼ਬਦ ਕੰਠ ਕਰਵਾ ਦਿੱਤੇ।

ਗਿਆਰਾਂ ਸਾਲ ਦੀ ਉਮਰ ਵਿਚ ਇਸ ਨੂੰ ਰਾਗ ਵਿੱਦਿਆ ਦੀ ਪ੍ਰਸਿੱਧ ਟਕਸਾਲ ਪਿੰਡ ਦੌਧਰ ਵਿਚ ਦਾਖ਼ਲ ਕਰਵਾ ਦਿੱਤਾ।

## ਵਿੱਦਿਆ ਪ੍ਰਾਪਤੀ

੧੯੨੪ ਤੋਂ ੧੯੩੯ ਤੱਕ ਪੂਰੇ ਪੰਦਰਾਂ ਸਾਲ ਦੌਧਰ ਵਿਖੇ ਰਹਿ ਕੇ ਰਾਗ ਵਿੱਦਿਆ ਨੂੰ ਭਾਰੀ ਉਤਸ਼ਾਹ, ਡੂੰਘੀ ਲਗਨ ਤੇ ਖ਼ਾਸ ਸ਼ੌਂਕ ਨਾਲ ਸਿੱਖਿਆ। ਹਾਰਮੋਨੀਅਮ, ਤਬਲਾ, ਸਰੰਦਾ, ਦੋਤਾਰਾ, ਵਾਇਲਿਨ, ਤਾਊਸ, ਜਲਤਰੰਗ ਤੇ ਹੋਰ ਕਈ ਸਾਜਾਂ ਨੂੰ ਵਜਾਉਣ ਦੀ ਪੂਰੀ ਜਾਚ ਸਿੱਖ ਲਈ। ਇਹ ਯਾਦ ਰਹੇ ਕਿ ਪਿੰਡ ਦੌਧਰ, ਢੁੱਡੀਕੇ ਦੇ ਨੇੜੇ ਤਹਿਸੀਲ ਮੋਗੇ ਦਾ ਬੜਾ ਮਸ਼ਹੂਰ ਕਸਬਾ ਹੈ। ਏਥੇ ਇਕ ਸਦੀ ਤੋਂ ਰਾਗ ਵਿੱਦਿਆ ਦੀ ਸਿਖਲਾਈ ਕਰਵਾਉਣ ਵਾਲਾ ਆਸ਼ਰਮ ਬੜੀ ਸਫਲਤਾ ਨਾਲ ਚੱਲ ਰਿਹਾ ਹੈ। ਇਸ ਥਾਂ ਤੋਂ ਕਈ ਸੈਂਕੜੇ ਰਾਗੀਆਂ ਨੇ ਰਾਗ ਵਿੱਦਿਆ ਸਿੱਖ ਕੇ ਸਿਖ ਪੰਥ ਦੀ ਭਾਰੀ ਸੇਵਾ ਕੀਤੀ ਹੈ। ਕੀਰਤਨ ਤੇ ਰਾਗ ਦਾ ਸੋਮਾ ਪਿੰਡ ਦੌਧਰ ਵਿਚ ਕਾਇਮ ਹੈ। ਇਸ ਜੈਸਾ ਆਸ਼ਰਮ ਸਾਰੇ ਪੰਜਾਬ ਵਿਚ ਹੋਰ ਕਿਧਰੇ ਨਹੀਂ ਹੈ। ਪ੍ਰਸਿੱਧ ਵਿਦਵਾਨ ਗਿਆਨੀ ਲਾਲ ਸਿੰਘ, ਐਮ.ਏ. ਏਸੇ ਪਿੰਡ ਵਿਚ ਪੈਦਾ ਹੋਏ।

ਦੌਧਰ ਆਸ਼ਰਮ ਦੀ ਸਾਰੀ ਸਿਖਲਾਈ ਪੂਰੀ ਕਰ ਚੁੱਕਣ ਮਗਰੋਂ ਵੀ ਜਸਵੰਤ ਸਿੰਘ ਦੀ ਰੀਝ ਸੀ ਕਿ ਹਾਲੀਂ ਹੋਰ ਨਿਪੁੰਨਤਾ ਪ੍ਰਾਪਤ ਕਰਨੀ ਹੈ। ਇਸ ਲਈ ਉਸ ਸਮੇਂ ਦੇ ਪ੍ਰਸਿੱਧ ਉਸਤਾਦ ਪੰਡਤ ਨੱਥੂ ਰਾਮ ਕੋਲੋਂ ਹੋਰ ਗੁਣਾਂ ਦੀ ਪ੍ਰਾਪਤੀ ਕਰਨ ਲਈ ਆਪ ਤਰਨ ਤਾਰਨ ਚਲੇ ਗਏ। ਥੋੜ੍ਹਾ ਸਮਾਂ ਏਥੇ ਰਹਿ ਕੇ ਰਾਗ ਵਿੱਦਿਆ ਦੇ ਮੰਨੇ ਪ੍ਰਮੰਨੇ ਉਸਤਾਦ ਝੰਡੇ ਖ਼ਾਨ ਦੀ ਸ਼ਾਗਿਰਦੀ ਧਾਰਨ ਕਰਕੇ ਚੱਕ ਨੰਬਰ ਵੀਹ ਵਿਚ (ਮਿੰਟਗੁਮਰੀ) ਚਲੇ ਗਏ।

ਇਕ ਸਾਲ ਤੋਂ ਵੀ ਵੱਧ ਸਮਾਂ ਏਥੇ ਰਹਿ ਕੇ ਸੰਗੀਤਕ ਕਲਾ ਦੇ ਡੂੰਘੇ ਭੇਤਾਂ ਦੀ ਜਾਣਕਾਰੀ ਹਾਸਲ ਕੀਤੀ। ਕਈ ਹੋਰ ਨਵੀਨ ਸਾਜਾਂ ਉੱਪਰ ਹੱਥ ਅਜ਼ਮਾਇਆ। ਬੁੱਧੀ ਤੀਖਣ ਹੋਣ ਕਰਕੇ ਆਪ ਸ਼ਭ ਕੁਝ ਝੱਟ ਹੀ ਸਮਝ ਜਾਂਦੇ ਸਨ। ਜਸਵੰਤ ਸਿੰਘ ਦੀ ਇਹ ਆਦਤ ਸੀ ਕਿ ਜੋ ਕੁਝ ਸਿਖਣਾ ਹੈ ਪੂਰੇ ਪੂਰੇ ਸ਼ੌਂਕ ਨਾਲ ਸਿੱਖਣਾ ਹੈ। ਬੇਹਦ ਮਿਹਨਤ ਕੀਤੀ। ਔਖੀ ਤੋਂ ਔਖੀ ਰਮਜ਼ ਨੂੰ ਠੀਕ ਤਰ੍ਹਾਂ ਸਮਝ ਲਿਆ। ਹੁਣ ਆਪ ਰਾਗ ਵਿੱਦਿਆ ਨੂੰ ਸਿਖਾਉਣ ਲਈ ਪੂਰੀ-ਪੂਰੀ ਯੋਗਤਾ ਪ੍ਰਾਪਤ ਕਰ ਚੁੱਕੇ ਸਨ।

## ਕਿੱਥੇ ਕਿੱਥੇ ਰਾਗ ਸਿਖਾਇਆ ?

੧. ਸਭ ਤੋਂ ਪਹਿਲਾਂ ਦੌਧਰ ਟਕਸਾਲ ਦੇ ਮੁਖੀ ਸੰਤ ਮੰਗਲ ਸਿੰਘ ਜੀ ਦੀ ਪ੍ਰੇਰਨਾ ਨਾਲ ਪਿੰਡ ਭਸੀਨ (ਮਿੰਟਗੁਮਰੀ) ਵਿਖੇ ਸੰਗੀਤ ਵਿਦਿਆਲਾ ਆਰੰਭ ਕੀਤਾ। ਇਸੇ ਦੌਰਾਨ ਚੱਕ ਨੰਬਰ ੭੩ ਦੇ ਪੰਜ ਸਿੰਘਾਂ ਨੂੰ ਕੀਰਤਨ ਕਰਨ ਦਾ ਗੁਣ ਸਿਖਾਇਆ।

੨. ੧੯੩੯ ਤੋਂ ੧੯੪੧ ਤੱਕ ਗੁਰੂ ਨਾਨਕ ਮਹਾਂ ਵਿਦਿਆਲਾ ਪਿੰਡ ਮਾਨਪੁਰ ਖੰਟ (ਰੋਪੜ) ਵਿਚ ਕਈ ਦਰਜਨ ਸ਼ਾਗਿਰਦਾਂ ਨੂੰ ਰਾਗ ਦੀ ਸਿਖਲਾਈ ਕਰਵਾਈ। ਹੁਣ ਵੀ ਜਦੋਂ ਲੁਧਿਆਣੇ ਤੋਂ ਸਮਰਾਲੇ ਵਿਚ ਚੰਡੀਗੜ੍ਹ ਨੂੰ ਜਾਈਦਾ ਹੈ ਤਾਂ ਉੱਚਾ ਪਿੰਡ ਤੋਂ ਥੋੜ੍ਹੀ ਦੂਰ ਅੱਗੇ ਜਾ ਕੇ ਇਸ ਪੁਰਾਤਨ ਵਿਦਿਆਲੇ ਦੀ ਪੁਰਾਣੀ ਇਮਾਰਤ ਸਾਫ਼ ਦਿਖਾਈ ਦਿੰਦੀ ਹੈ। ਉਹਨੀਂ ਦਿਨੀਂ ਏਥੇ ਕੋਈ ਸੜਕ ਨਹੀਂ ਸੀ। ਮੁਰਿੰਡਾ ਰੇਲਵੇ ਸਟੇਸ਼ਨ ਤੋਂ ਪੰਜ ਮੀਲ ਪੈਦਲ ਤੁਰਨਾ ਪੈਂਦਾ ਸੀ। ਗੁਰਦੁਆਰਾ ਫਲਾਹੀ ਸਾਹਿਬ ਦੇ ਮੁਖੀ ਸੇਵਾਦਾਰ ਭਾਈ ਸੰਤੋਖ ਸਿੰਘ ਜੀ 'ਮ੍ਰਿਗਿੰਦ' ਨੇ ਇਥੋਂ ਹੀ ਰਾਗੀ ਜਸਵੰਤ ਸਿੰਘ ਤੋਂ ਰਾਗ ਵਿੱਦਿਆ ਸਿੱਖੀ ਸੀ। ੧੯੮੫ ਵਿਚ ਜਦੋਂ ਇਹਨਾਂ ਸਤਰਾਂ ਦਾ ਲੇਖਕ ਲੰਡਨ (ਇੰਗਲੈਂਡ) ਵਿਚ ਸੀ ਤਾਂ ਉਥੋਂ ਦੇ ਇਕ ਪ੍ਰਸਿੱਧ ਹੈੱਡਗ੍ਰੰਥੀ ਨੇ ਬੜੀ ਖ਼ੁਸ਼ੀ ਨਾਲ ਦੱਸਿਆ ਸੀ ਕਿ "ਮੈਂ ਰਾਗੀ ਜਸਵੰਤ ਸਿੰਘ ਜੀ ਦਾ ਸ਼ਾਗਿਰਦ ਹਾਂ" ਤੇ ਹੋਰ ਬਥੇਰੇ ਸ਼ਾਗਿਰਦ ਹਨ, ਜਿਹੜੇ ਬੜੀ ਗੌਰਵਤਾ ਨਾਲ ਦੱਸਿਆ ਕਰਦੇ ਨੇ ਕਿ ਮੇਰਾ ਉਸਤਾਦ ਰਾਗੀ ਜਸਵੰਤ ਸਿੰਘ ਹੈ।

੩. ੧੯੪੨ ਵਿਚ ਗੁਰਦੁਆਰਾ ਦੂਖ ਨਿਵਾਰਨ ਪਟਿਆਲਾ ਵਿਚ ਰਾਗ ਸਿਖਾਇਆ।

੪. ਜ਼ਿਲ੍ਹਾ ਸ਼ੇਖ਼ੂਪੁਰੇ ਦੇ ਗੁਰਦੁਆਰਾ ਸੱਚਾ ਸੌਦਾ ਚੂਹੜਕਾਣਾ ਵਿਖੇ ਸੰਗੀਤ ਸਿਖਾਉਣ ਦੀ ਸੇਵਾ ਕੀਤੀ।

੫. ਆਪਣੇ ਪਿੰਡ ਕੁਲਾਰਾਂ ਤੋਂ ਨੇੜੇ ਹੀ ਪ੍ਰਸਿੱਧ ਗੁਰਦੁਆਰਾ ਪਿੰਡ ਹੇਰਾਂ ਵਿਖੇ ੧੯੪੪ ਵਿਚ ਰਾਗੀ ਕਲਾਸ ਆਰੰਭ ਕੀਤੀ। ਪਰ ਇਥੇ ਬਹੁਤੀ ਕਾਮਯਾਬੀ ਨਾ ਹੋਈ ਕਿਉਂਕਿ ਪ੍ਰਬੰਧ ਠੀਕ ਨਹੀਂ ਸੀ। ਗੁਰਦੁਆਰਾ ਕਮੇਟੀ ਨੇ ਕੋਈ ਉਤਸ਼ਾਹ ਨਾ ਦਿੱਤਾ।

੬. ੧੯੪੫ ਵਿਚ ਦੁਬਾਰਾ ਮਾਨਪੁਰ ਖੰਟ ਦੇ ਵਿਦਿਆਲੇ ਵਿਚ ਸਿਖਲਾਈ ਦਿੱਤੀ।

੭. ਜ਼ਿਲ੍ਹਾ ਲੁਧਿਆਣੇ ਦੇ ਪ੍ਰਸਿੱਧ ਗੁਰਦੁਆਰਾ ਫਲਾਹੀ ਸਾਹਿਬ, ਪਿੰਡ ਦੁਲਏ ਵਿਖੇ ੧੯੪੬-੪੭ ਵਿਚ ਅਨੇਕਾਂ ਵਿਦਿਆਰਥੀਆਂ ਨੂੰ ਰਾਗ ਵਿੱਦਿਆ ਦਾ ਦਾਨ ਦਿੱਤਾ। ਰਾਗੀ ਜੀ ਦਾ ਇਸ ਪਵਿੱਤਰ ਤੇ ਰਮਣੀਕ ਅਸਥਾਨ ਨਾਲ ਡੂੰਘਾ ਪਿਆਰ ਸੀ। ਬਹੁਤ ਭਾਰੀ ਸ਼ਰਧਾ ਸੀ। ੧੯੮੩ ਦੇ ਦਸੰਬਰ ਮਹੀਨੇ ਜਦੋਂ ਆਪ ਕੈਨੇਡਾ ਤੇ ਸਿੰਘਾਪੁਰ ਤੋਂ ਵਾਪਸ ਆਏ ਸਨ ਤਾਂ ਸਰੀਰ ਤਿਆਗਣ ਤੋਂ ਥੋੜ੍ਹੇ ਦਿਨ ਪਹਿਲਾਂ ਆਪ ਨੇ ਗੁਰਦੁਆਰਾ ਫਲਾਹੀ ਸਾਹਿਬ ਵਿਖੇ ਡਾਢਾ ਰਸਭਿੰਨਾ ਕੀਰਤਨ ਕੀਤਾ ਸੀ। ਸ਼ਾਇਦ ਆਪ ਜੀ ਦਾ ਇਹ ਆਖ਼ਰੀ ਕੀਰਤਨ ਸੀ।

੮. ੧੯੫੦-੫੧ ਵਿਚ ਸਮਰਾਲਾ ਗੁਰਦੁਆਰਾ ਵਿਖੇ ਕੀਰਤਨ ਦੀ ਸਿਖਲਾਈ ਦਿੱਤੀ।

੯. ੧੯੫੨ ਤੋਂ ੧੯੫੪ ਤਕ ਗੁਰਦੁਆਰਾ ਬੜੀ ਸਿੱਖ ਸੰਗਤ ਕਲਕੱਤਾ ਵਿਖੇ ਕਈ ਦਰਜਨਾਂ ਵਿਦਿਆਰਥੀਆਂ ਨੇ ਕੀਰਤਨ ਦੀ ਦਾਤ ਪ੍ਰਾਪਤ ਕੀਤੀ।

੧੦. ੧੯੫੯ ਤੋਂ ੧੯੬੧ ਤਕ ਮਹਾਨ ਪੂਜਨੀਕ ਬ੍ਰਹਮ ਗਿਆਨੀ ਸ੍ਰੀਮਾਨ ਸੰਤ ਅਤਰ ਸਿੰਘ ਜੀ ਮਸਤੂਆਣਾ ਵਾਲਿਆਂ ਦੇ ਜਨਮ ਨਗਰ ਚੀਮਾ ਵਿਖੇ ਰਾਗੀ ਕਲਾਸ ਨੂੰ ਟ੍ਰੇਨਿੰਗ ਦਿੱਤੀ। ਸੰਤ ਤੇਜਾ ਸਿੰਘ ਡਬਲ ਐਮ.ਏ. ਇਥੋਂ ਦੇ ਇੰਨਚਾਰਜ ਸਨ।

੧੧. ੧੯੬੨ ਤੋਂ ੧੯੬੪ ਤਕ ਗੁਰਦੁਆਰਾ ਮਸਤੂਆਣਾ (ਸੰਗਰੂਰ) ਵਿਖੇ ਰਾਗ ਸਿਖਾਇਆ।

੧੨. ਸੰਤ ਗਿਆਨੀ ਸੁੰਦਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਚਖੰਡ ਗਮਨ ਅਸਥਾਨ ਗੁਰਦੁਆਰਾ ਬੋਪਾਰਾਏ (ਲੁਧਿਆਣਾ) ਵਿਖੇ ੧੯੬੫-੬੬ ਵਿਚ ਰਾਗ ਸਿਖਾਉਂਦੇ ਰਹੇ।

੧੩. ੧੯੬੭-੬੮ ਵਿਚ ਫਿਰ ਮਸਤੂਆਣਾ ਵਿਖੇ ਸੇਵਾ ਕੀਤੀ।

੧੪. ੧੯੬੯ ਤੋਂ ੧੯੭੩ ਤੱਕ ਪੂਰੇ ਚਾਰ ਸਾਲ ਪਿੰਡ ਮੁਲਾਂਪੁਰ ਦੇ ਇਤਿਹਾਸਕ ਗੁਰਦੁਆਰੇ ਵਿਚ ਰਾਗ ਸਿਖਾਉਣ ਦੀ ਉੱਤਮ ਸੇਵਾ ਕੀਤੀ।

੧੫. ਗੁਰਦੁਆਰਾ ਮਸਤੂਆਣਾ ਦੇ ਕਦਰਦਾਨ ਪ੍ਰਬੰਧਕ ਜੋਰ ਪਾ ਕੇ ਆਪ ਨੂੰ ਫਿਰ ਉਥੇ ਲੈ ਗਏ। ੧੯੭੩ ਤੋਂ ੧੯੭੬ ਤਕ ਏਥੇ ਰਹਿ ਕੇ ਫਿਰ ਰਾਗ ਸਿਖਾਇਆ।

੧੬. ਦਮਦਮੀ ਟਕਸਾਲ ਦੇ ੧੩ਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲਿਆਂ ਨੇ ਪਿੰਡ ਮਹਿਤਾ (ਅੰਮ੍ਰਿਤਸਰ) ਦੇ ਗੁਰਦੁਆਰਾ 'ਗੁਰਦਰਸ਼ਨ ਪ੍ਰਕਾਸ਼' ਵਿਖੇ ਚੱਲ ਰਹੀ ਰਾਗੀ ਕਲਾਸ ਦਾ ਸਾਰਾ ਪ੍ਰਬੰਧ ਤੇ ਸਾਰੀ ਸਿਖਲਾਈ ੧੯੭੬ ਤੋਂ ੧੯੭੯ ਤੱਕ ਰਾਗੀ ਜੀ ਦੇ ਹਵਾਲੇ ਕਰੀ ਰੱਖੀ। ਸੰਤ ਗਿਆਨੀ ਜਰਨੈਲ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲੇ ਆਪ ਜੀ ਦਾ ਪੂਰਾ ਪੂਰਾ ਸਤਿਕਾਰ ਕਰਦੇ ਤੇ ਕਈ ਵਾਰ ਰਾਗ ਬਾਰੇ ਆਪ ਜੀ ਨਾਲ ਵਿਚਾਰ ਗੋਸ਼ਟੀ ਵੀ ਕਰਿਆ ਕਰਦੇ ਸਨ।

੧੭. ੧੯੮੦ ਵਿਚ ਆਪ ਸਿੰਘਾਪੁਰ ਚਲੇ ਗਏ। ਦੋ ਸੌ ਤੋਂ ਵੱਧ ਵਿਦਿਆਰਥੀਆਂ ਨੂੰ ਰਾਗ ਵਿੱਦਿਆ ਦੀ ਦਾਤ ਬਖ਼ਸ਼ੀ।

੧੮. ੧੯੮੨ ਵਿਚ ਮਿਸ਼ਨਰੀ ਸੁਸਾਇਟੀ ਸਿੰਘਾਪੁਰ ਨੇ ਦੁਬਾਰਾ ਫਿਰ ਉਚੇਚੇ ਤੌਰ 'ਤੇ ਸਿੰਘਾਪੁਰ ਸੱਦਿਆ। ਇਸ ਸਾਲ ਦੇ ਅੰਤ ਵਿਚ ਆਪ ਕੈਨੇਡਾ ਚਲੇ ਗਏ। ਉਥੇ ਸੱਤ ਮਹੀਨੇ ਰਹੇ। ਕੈਲਗਿਰੀ ਵਿਚ ਰਾਗੀ ਕਲਾਸ ਸ਼ੁਰੂ ਕੀਤੀ।

ਪਰ ਸਰੀਰਕ ਤਕਲੀਫ਼ ਦੇ ਕਾਰਨ ੧੯੮੩ ਵਿਚ ਪੰਜਾਬ ਵਾਪਸ ਆ ਗਏ। ਬਿਮਾਰੀ ਖ਼ਤਰਨਾਕ ਸੂਰਤ ਧਾਰਨ ਕਰ ਗਈ। ਕੋਈ ਇਲਾਜ ਕਾਰਗਰ ਨਾ ਹੋ ਸਕਿਆ। ਆਖ਼ਰ ੨੪ ਦਸੰਬਰ, ੧੯੮੩ ਨੂੰ ਅਖ਼ੀਰੀ ਸੱਦਾ ਆ ਗਿਆ ਤੇ ਆਪ ਉੱਜਲਾ ਮੁਖ ਲੈ ਕੇ ਆਪਣੇ ਅਸਲੀ ਦੇਸ਼ ਵਿਚ ਚਲੇ ਗਏ।

ਰਾਗੀ ਜਸਵੰਤ ਸਿੰਘ ਜੀ ਦੇ ਸ਼ਾਗਿਰਦਾਂ ਦੀ ਸੂਚੀ ਬਹੁਤ ਲੰਬੀ ਹੈ। ਦੋ ਹਜ਼ਾਰ ਦੇ ਨੇੜ ਤੇੜ ਹੈ। ਸਾਰਿਆਂ ਦੇ ਨਾਮ ਲਿਖਣੇ ਮੁਸ਼ਕਲ ਹਨ। ਜੇ ਕੁਝ ਕੁ ਨਾਮ ਲਿਖੇ ਜਾਣ ਤਾਂ ਬਾਕੀ ਦਿਆਂ ਦਾ ਉਲਾਂਭਾ ਮਿਲੇਗਾ। ਇਕ ਗੱਲ ਜ਼ਰੂਰ ਹੈ ਕਿ ਆਪ ਨੇ ਰਾਗ ਦੀ ਸਿਖਲਾਈ ਦੀ ਜਿਤਨੀ ਵੀ ਸੇਵਾ ਕੀਤੀ। ਕਦੀ ਕੋਈ ਫ਼ੀਸ ਨਹੀਂ ਲਈ ਸੀ, ਕੋਈ ਝਾਕ ਨਹੀਂ ਸੀ, ਕੋਈ ਲਾਲਚ ਨਹੀਂ ਸੀ। ਜੋ ਕੁਝ ਵੀ ਮਿਲਦਾ ਉਸਨੂੰ ਖ਼ੁਸ਼ੀ-ਖ਼ੁਸ਼ੀ ਪ੍ਰਵਾਨ ਕਰ ਲੈਂਦੇ।

ਸਗੋਂ ਆਪ ਜੀ ਦੇ ਕਈ ਸ਼ਾਗਿਰਦ ਤਾਂ ਐਸੇ ਵੀ ਹਨ, ਜਿਨ੍ਹਾਂ ਦਾ ਸਾਰਾ ਖ਼ਰਚ ਆਪ ਜੀ ਆਪਣੇ ਕੋਲੋਂ ਕਰਦੇ। ਕਈ ਯਤੀਮਾਂ ਦੀ ਪਾਲਣਾ ਕੀਤੀ, ਕਈ ਮੰਗਤਿਆਂ ਨੂੰ ਗਾ ਕੇ ਮੰਗਣੋਂ ਹਟਾਇਆ ਤੇ ਉਨ੍ਹਾਂ ਨੂੰ ਰਾਗ ਦੀ ਚੰਗੀ ਸਿਖਲਾਈ ਦੇ ਕੇ ਰੁਜ਼ਗਾਰ ਕਮਾਉਣ ਦੇ ਲਾਇਕ ਬਣਾਇਆ। ਨੇਤਰਹੀਣਾਂ ਦੀ ਮਦਦ ਕਰਨੀ ਆਪ ਅਤੀ ਜ਼ਰੂਰੀ ਸਮਝਦੇ ਸਨ।

ਗ੍ਰਿਹਸਥੀ ਜੀਵਨ ਵਿਚ ਵੀ ਪੂਰੀ ਸਫਲਤਾ ਪ੍ਰਾਪਤ ਕੀਤੀ। ਜੱਦੀ ਜਾਇਦਾਦ ਤੋਂ ਆਪਣੇ ਚਾਰਾਂ ਬੱਚਿਆਂ (ਦੋ ਲੜਕੇ, ਦੋ ਲੜਕੀਆਂ) ਨੂੰ ਉੱਚ ਵਿੱਦਿਆ ਦੇ ਕੇ ਪੂਰੀ ਤਰ੍ਹਾਂ ਲਾਇਕ ਬਣਾਇਆ। ਜਿਸਦੀ ਬਦੌਲਤ ਆਪ ਜੀ ਦਾ ਛੋਟਾ ਲੜਕਾ ਭਾਈ ਹਰਕੀਰਤ ਸਿੰਘ ਕੈਨੇਡਾ ਦੀ ਚੜ੍ਹਦੀ ਕਲਾ ਅਖ਼ਬਾਰ ਦਾ ਐਡੀਟਰ ਹੈ ਅਤੇ ਗੁਰਸਿੱਖੀ ਜੀਵਨ ਵਿਚ ਪ੍ਰਪੱਕ ਹੈ।

ਰਾਗੀ ਜਸਵੰਤ ਸਿੰਘ ਜੀ ਦਾ ਨਾਮ ਰਾਗ ਖੇਤਰ ਵਿਚ ਬਹੁਤ ਮੁੱਦਤਾਂ ਤੱਕ ਜਿੰਦਾ ਰਹੇਗਾ। ਸੱਚਮੁੱਚ ਆਪ ਸੰਗੀਤਕ ਸੁਰਾਂ ਦੇ ਸਿਰਤਾਜ ਸਨ।

**—ਅਜਮੇਰ ਸਿੰਘ ਐਮ.ਏ.**

# ਪਹਿਲੀ ਐਡੀਸ਼ਨ ਦੀ ਭੂਮਿਕਾ

ਸ੍ਰਿਸ਼ਟੀ ਦੀ ਉਪਜ ਦੇ ਨਾਲ ਹੀ ਸੰਗੀਤ ਦੀ ਉਤਪਤੀ ਹੋਈ। ਸੰਗੀਤ ਕਲਾ ਬਹੁਤ ਪੁਰਾਣੀ ਕਲਾ ਹੈ। ਇਸ ਵਿਚ ਨਿਪੁੰਨਤਾ ਪ੍ਰਾਪਤ ਕਰਨਾ ਹਰ ਕਿਸੇ ਦਾ ਕੰਮ ਨਹੀਂ। ਯੂਨਾਨ ਦੇ ਪ੍ਰਸਿੱਧ ਵਿਦਵਾਨ ਅਰੱਸਤੂ ਨੇ ਲਿਖਿਆ ਹੈ ਕਿ "ਸੰਗੀਤ ਇਕ ਜਾਦੂ ਹੈ। ਸੰਗੀਤ ਦੇ ਚਮਤਕਾਰ, ਕਈ ਵਾਰੀ ਇਕ ਆਮ ਮਨੁੱਖ ਦੀ ਬੁੱਧੀ ਨੂੰ ਚਕ੍ਰਿਤ ਕਰ ਦਿਆ ਕਰਦੇ ਨੇ।" ਇਸ ਨੇ ਇਹ ਵੀ ਲਿਖਿਆ ਹੈ ਕਿ "ਜੰਮਦੇ ਬੱਚੇ ਦਾ ਰੋਣਾ ਸਭ ਤੋਂ ਮੁੱਢਲਾ ਸੰਗੀਤ ਹੁੰਦਾ ਹੈ।" ਰੋਣਾ, ਹੱਸਣਾ, ਨੱਚਣਾ, ਟੱਪਣਾ, ਖ਼ੁਸ਼ ਹੋਣਾ ਜਾਂ ਕਿਸੇ ਵੈਰਾਗ ਮਈ ਅਵਸਥਾ ਵਿਚ ਕਰੁਣਾ ਮਈ ਵੈਣਾਂ ਦੀ ਕੁਰਲਾਹਟ ਵੀ, ਸੰਗੀਤ ਦਾ ਇਕ ਅੰਗ ਹੁੰਦੀ ਹੈ। ਸੰਗੀਤ ਦਾ ਦੂਸਰਾ ਨਾਮ ਰਾਗ ਹੈ। ਰਾਗ ਦੇ ਕਈ ਅਰਥ ਹਨ। ਪ੍ਰੇਮ, ਗੁੱਸਾ, ਰਾਜਾ, ਸੂਰਜ ਤੇ ਸੰਜੋਅ ਆਦਿ। ਦਸਮ ਗ੍ਰੰਥ ਵਿਚ ਲਿਖਿਆ ਹੈ :—"ਕਹੂੰ ਟੋਪ ਟੂਟੇ ਕਹੂੰ ਰਾਗ ਭਾਗਾ ॥" ਲੋਹੇ ਦੀਆਂ ਨੌ ਕੜੀਆਂ ਦਾ ਬੁਣਿਆ ਹੋਇਆ ਹੱਥ ਦਾ ਦਸਤਾਨਾ। ਲੜਾਈ ਲੜਣ ਵੇਲੇ ਇਸ ਨੂੰ ਹੱਥ ਉਪਰ ਪਹਿਨਿਆ ਜਾਂਦਾ ਹੈ। ਇਸ ਨੂੰ ਵੀ ਰਾਗ ਕਿਹਾ ਜਾਂਦਾ ਹੈ। "ਚਿਲਤਹਿ ਰਾਗ ਸੰਜੋਵਾ ਡਾਰੇ" ਸ਼ਿੰਗਾਰ ਤੇ ਸਜਾਵਟ ਕਰਨ ਨੂੰ ਵੀ "ਰਾਗ ਕਰਨਾ" ਕਿਹਾ ਜਾਂਦਾ ਹੈ।

*'ਰਾਗ ਨਾਦ ਸਬਦਿ ਸੋਹਣੇ ॥'*

ਰਾਗ ਦੇ ਅਨੰਤ ਭੇਦ ਅਤੇ ਕਈ ਰੂਪ ਹਨ। ਕਈ ਸੰਗੀਤਕਾਰਾਂ ਨੇ ਭੈਰਵ, ਮਲ੍ਹਾਰ, ਸ੍ਰੀ ਰਾਗ, ਬਸੰਤ, ਹਿੰਡੋਲ ਅਤੇ ਦੀਪਕ ਨੂੰ ਪ੍ਰਸਿੱਧ ਰਾਗ ਮੰਨਿਆ ਹੈ। ਡਾ. ਚਰਨ ਸਿੰਘ ਰਚਿਤ ਪੁਸਤਕ *'ਬਾਣੀ ਬਿਉਰਾ'* ਵਿਚ ਰਾਗਾਂ ਦੇ ਅੱਡ-ਅੱਡ ਸਰੂਪਾਂ ਦਾ ਵੇਰਵਾ ਦਿੱਤਾ ਗਿਆ ਹੈ। ਸਿਖ ਇਤਿਹਾਸ ਦੇ ਖੋਜੀ ਤੇ ਅੰਗਰੇਜ਼ੀ ਦੇ ਪ੍ਰਸਿੱਧ ਲੇਖਕ ਮਿਸਟਰ ਮੈਕਾਲਫ਼ ਨੇ ਆਪਣੀ ਲਿਖੀ ਹੋਈ *'ਸਿਖ ਰਲਿਜਨ'* ਨਾਮੀਂ ਪੁਸਤਕ ਦੀ ਪੰਜਵੀਂ ਜਿਲਦ ਵਿਚ ਪੰਨਾ ੩੩੩ ਤੋਂ ੩੫੧ ਤੱਕ ਗੁਰਬਾਣੀ ਦੇ ਰਾਗਾਂ ਦੇ ਸਰੂਪ ਵੱਡੀ ਮਿਹਨਤ ਨਾਲ ਦਰਬਾਰ ਨਾਭਾ ਦੇ ਖ਼ਰਚ ਪੁਰ ਮਹੰਤ ਗੱਜਾ ਸਿੰਘ ਜੀ ਅਤੇ ਇਕ ਯੋਗ ਬੈਂਡ ਮਾਸਟਰ ਦੀ ਸਹਾਇਤਾ ਨਾਲ ਪੱਛਮੀ ਢੰਗ ਅਨੁਸਾਰ ਲਿਖੇ ਸਨ। ਜਿਨ੍ਹਾਂ ਤੋਂ ਸੁਰਾਂ ਦਾ ਚਿੰਨ੍ਹ ਜਾਨਣ ਵਾਲਾ ਆਸਾਨੀ ਨਾਲ ਗਾ ਵਜਾ ਸਕਦਾ ਹੈ।

ਕਰਤਾਰ ਦਾ ਕੀਰਤਨ ਕਰਨਾ ਧਰਮ ਦਾ ਅੰਗ ਹੈ। ਇਸਦਾ ਅਰਥ ਵਡਿਆਈ ਕਰਨਾ ਵੀ ਹੈ :—

*'ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ, ਰਾਗ ਰਤਨ ਰਸਨਾ ਆਲਾਪ ॥'*

[ਬਿਲਾਵਲੁ ਮਹਲਾ ੫, ਅੰਗ—੮੨੧]

ਇਸਲਾਮ ਧਰਮ ਵਿਚ ਰਾਗ ਨੂੰ ਗਾਉਣ ਦੀ ਸਖ਼ਤ ਮਨਾਹੀ ਹੈ। ਔਰੰਗਜ਼ੇਬ ਨੇ ਸ਼ਾਹੀ ਫ਼ੁਰਮਾਨ ਜਾਰੀ ਕਰਕੇ ਆਪਣੇ ਸਾਰੇ ਰਾਜ ਵਿਚ ਗਾਉਣ-ਵਜਾਉਣ ਉਪਰ ਕਰੜੀ ਪਾਬੰਦੀ ਲਾ ਦਿੱਤੀ ਸੀ, ਸਾਰੇ ਰਾਗੀਆਂ ਨੂੰ ਜਲਾਵਤਨ ਕਰ ਦਿੱਤਾ ਸੀ। ਇਨ੍ਹਾਂ ਦੇ ਜਿਤਨੇ ਵੀ ਸਾਜ਼ ਸਨ, ਤਬਲੇ ਹਾਰਮੋਨੀਅਮ ਜਾਂ ਤਾਊਸ ਆਦਿ, ਇਨ੍ਹਾਂ ਸਾਰੇ ਸਾਜ਼ਾਂ ਨੂੰ ਇਕੱਠਾ ਕਰ ਕੇ ਬਹੁਤ ਵੱਡਾ ਢੇਰ ਲਗਾ ਕੇ ਅੱਗ ਲਗਾ ਦਿੱਤੀ ਸੀ।

ਕੁਰਾਨ ਸ਼ਰੀਫ਼ ਵਿਚ ਇਕ ਆਇਤ ਦਰਜ ਹੈ ਜਿਸ ਦਾ ਮਤਲਬ ਹੈ ਕਿ "ਜੇ ਕੋਈ ਤੁਹਾਨੂੰ ਕੰਨਾਂ ਵਿਚ ਕਿਸੇ ਰਾਗ ਦੀ ਆਵਾਜ਼ ਪੈ ਜਾਵੇ ਤਾਂ ਝੱਟ ਉਂਗਲਾਂ ਪਾ ਕੇ ਆਪਣੇ ਕੰਨ ਬੰਦ ਕਰ ਲਵੋ।" ਨਾਫ਼ੀ ਲਿਖਦਾ ਹੈ ਕਿ "ਮੈਂ ਇਕ ਵਾਰੀ ਇਮਾਮ ਉਮਰ ਦੇ ਨਾਲ ਤੁਰਿਆ ਜਾ ਰਿਹਾ ਸੀ। ਚਾਣਚੱਕ ਇਕ ਪਾਸਿਉਂ ਇਕ ਸੁਰੀਲੀ ਆਵਾਜ਼ ਸੁਣਾਈ ਦਿੱਤੀ। ਉਨ੍ਹਾਂ ਨੇ ਝੱਟ ਕੰਨਾਂ ਵਿਚ ਉਂਗਲਾਂ ਦੇ ਲਈਆਂ। ਪੁੱਛਣ ਪੁਰ ਮੈਨੂੰ ਦੱਸਿਆ ਕਿ 'ਮੈਂ ਇਕ ਦਿਨ ਹਜ਼ਰਤ ਮੁਹੰਮਦ ਸਾਹਿਬ ਨਾਲ ਜਾ ਰਿਹਾ ਸੀ ਤਾਂ ਇਸੇ ਤਰ੍ਹਾਂ ਦੇ ਰਾਗ ਦੀ ਆਵਾਜ਼ ਆਉਣ ਪੁਰ ਉਨ੍ਹਾਂ ਨੇ ਕੰਨ ਬੰਦ ਕਰ ਲਏ ਸਨ।' " (ਦੇਖੋ *ਮਿਸ਼ਤਾਕ*, ਪੰਨਾ ਨੰ: ੮੧) ਯਹੂਦੀ ਅਤੇ ਈਸਾਈ ਲੋਕ ਕੀਰਤਨ ਨੂੰ ਚੰਗਾ ਸਮਝਦੇ ਨੇ। ਨੱਚਣ ਤੇ ਗਾਉਣ ਨੂੰ ਇਹ ਭਗਤੀ ਦਾ ਇਕ ਅੰਗ ਮੰਨਦੇ ਨੇ। ਹਿੰਦੂ ਧਰਮ ਵਿਚ ਵੀ ਗਾਉਣਾ ਉਚਿਤ ਹੈ।

ਗੁਰਮਤਿ ਵਿਚ ਕੀਰਤਨ ਕਰਨ ਦੀ ਖ਼ਾਸ ਮਹੱਤਤਾ ਨੂੰ ਖ਼ੂਬ ਜ਼ੋਰ ਦੇ ਕੇ ਬਿਆਨ ਕੀਤਾ ਗਿਆ ਹੈ। ਕੀਰਤਨੀਆਂ ਦੀ ਬਹੁਤ ਵਡਿਆਈ ਕੀਤੀ ਗਈ ਹੈ। ਇਸ ਘੋਰ ਕਲਜੁਗ ਦੇ ਬਿਖੜੇ ਸਮੇਂ ਵਿਚ ਕੀਰਤਨ ਨੂੰ ਪ੍ਰਧਾਨ ਮੰਨਿਆ ਗਿਆ। "ਸਾ ਰੇ ਗਾ ਮਾ ਪਾ ਧਾ ਨੀ" ਇਨ੍ਹਾਂ ਸੱਤਾਂ ਸੁਰਾਂ ਦੇ ਸੁਮੇਲ ਤੋਂ ਸੰਗੀਤ ਦੀ ਉਪਜ ਹੁੰਦੀ ਹੈ। ਇਨ੍ਹਾਂ ਸੁਰਾਂ ਦੀ ਮਦਦ ਨਾਲ ਅਨੇਕਾਂ ਪ੍ਰਕਾਰ ਦੇ ਰਾਗਾਂ ਤੇ ਰਾਗਨੀਆਂ ਦਾ ਅਨੰਦ ਮਾਣਿਆ ਜਾਂਦਾ ਹੈ। ਸਾਰੇ ਸੰਗੀਤ ਦੀ ਜਾਨ ਇਹ ਸੱਤ ਸੁਰਾਂ ਹਨ।

ਕਈ ਲੋਕ "ਤਾਨਸੈਨ" ਨੂੰ ਸੰਗੀਤ ਕਲਾ ਦਾ ਪ੍ਰਮੁਖ ਮੋਢੀ ਮੰਨਦੇ ਹਨ। ਇਹ ਅਕਬਰ ਦੇ ਦਰਬਾਰ ਦੇ ਨੌਂ ਰਤਨਾਂ ਵਿਚੋਂ ਇਕ ਸੀ। ਇਸਨੇ ਬਿੰਦਰਾਬਨ ਨਿਵਾਸੀ ਸੁਆਮੀ ਹਰਿਦਾਸ ਨੂੰ ਆਪਣਾ ਉਸਤਾਦ ਧਾਰਨ ਕਰਕੇ ਸੰਗੀਤ ਦੇ ਡੂੰਘੇ ਭੇਤਾਂ ਤੇ ਸਾਰੀਆਂ ਸੁਰਾਂ ਦੀ ਵਿਸ਼ਾਲ ਜਾਣਕਾਰੀ ਹਾਸਲ ਕੀਤੀ। ਤਾਨਸੈਨ ਕੁਛ ਸਮਾਂ ਰਿਆਸਤ ਬਘੇਲਾ ਦੇ ਰਾਜ ਦਰਬਾਰ ਵਿਚ ਬਤੌਰ "ਦਰਬਾਰੀ ਰਾਗੀ" ਰਹਿੰਦਾ ਰਿਹਾ। ਇਸਦੀ ਪ੍ਰਸਿੱਧਤਾ ਦੂਰ-ਦੂਰ ਤੱਕ ਫੈਲ ਗਈ। ਕਹਿੰਦੇ ਨੇ ਕਿ ਜਦੋਂ ਆਪਣੀ ਪੂਰੀ ਮਸਤੀ ਵਿਚ ਆ ਕੇ ਤਾਨਸੈਨ ਵਲਵਲਾ ਖੇਜ਼ ਅੰਦਾਜ਼ ਵਿਚ ਦੀਪਕ ਰਾਗ ਗਾਉਂਦਾ ਤਾਂ ਬੁਝੇ ਹੋਏ ਦੀਪਕ ਜਗ ਪੈਂਦੇ। ਜੇ ਮਲ੍ਹਾਰ ਗਾਉਂਦਾ ਤਾਂ ਅਸਮਾਨ ਵਿਚ ਬੱਦਲ ਹੋ ਜਾਂਦੇ। ਤਾਨਸੈਨ ਨੂੰ ਭਾਰਤੀ ਸੰਗੀਤ ਦਾ ਸਹਿਨਸ਼ਾਹ ਮੰਨਿਆ ਜਾਂਦਾ ਹੈ। ਬਾਦਸ਼ਾਹ ਅਕਬਰ ਨੇ ਇਸਦੀ ਕੀਰਤੀ ਸੁਣ ਕੇ ਬੜੇ ਮਾਣ ਆਦਰ ਨਾਲ ਤਾਨਸੈਨ ਨੂੰ ਆਪਣੇ ਕੋਲ ਸੱਦ ਲਿਆ। ਬਹੁਤ ਸਮੇਂ ਇਹ ਅਕਬਰ ਦੇ ਦਰਬਾਰ ਦਾ ਸ਼ਿੰਗਾਰ ਬਣਿਆ ਰਿਹਾ। ਤਾਨਸੈਨ ਦਾ ਦੇਹਾਂਤ ੧੫੮੯ ਈਸਵੀ ਵਿਚ ਹੋਇਆ।

ਇਸ ਦੀ ਕਬਰ ਗਵਾਲੀਅਰ ਵਿਚ ਬਣੀ ਹੋਈ ਹੈ। ਗਵਾਲੀਅਰ ਵਿਚ ਬਹੁਤ ਉੱਚੀ ਪੱਧਰ ਦਾ ਸੰਗੀਤ ਵਿਦਿਆਲਾ ਵੀ ਹੈ।

ਇਸ ਪੁਸਤਕ *'ਸੰਗੀਤ ਸਾਗਰ'* ਨੂੰ ਸੰਗੀਤ ਪ੍ਰੇਮੀਆਂ ਲਈ ਇਕ ਸੋਹਣੀ ਸੁਗਾਤ ਤੇ ਦੁਰਲੱਭ ਵਸਤੂ ਸਮਝਿਆ ਜਾਵੇਗਾ। ਸੰਗੀਤ ਦੁਨੀਆ ਵਿਚ ਖ਼ਾਸ ਕਰਕੇ ਵੀਹਵੀਂ ਸਦੀ ਦੇ ੧੯੪੦ ਤੋਂ ੧੯੯੨ ਤਕ ਦੇ ਸਮੇਂ ਵਿਚ ਰਾਗੀ ਜਸਵੰਤ ਸਿੰਘ ਜੀ ਨੂੰ ਸੰਗੀਤ ਕਲਾ ਦਾ ਇਕ ਅਨੋਖਾ ਕਲਾਕਾਰ ਮੰਨਿਆ ਜਾਂਦਾ ਰਿਹਾ ਹੈ। ਇਨ੍ਹਾਂ ਨੇ ਪੂਰੀ-ਪੂਰੀ ਖੋਜ ਕਰਕੇ ਸੰਗੀਤ ਦੀਆਂ ਡੂੰਘੀਆਂ ਰਮਜ਼ਾਂ ਨੂੰ ਅਮਲੀ ਰੂਪ ਵਿਚ ਉਜਾਗਰ ਕਰਨ ਦਾ ਯਤਨ ਕੀਤਾ ਹੈ। ਸਮੂਹ ਰਾਗਾਂ ਦੀਆਂ ਬੰਧਸ਼ਾਂ ਨੂੰ ਬੜੇ ਸੁਖਾਲੇ ਢੰਗ ਨਾਲ ਇਸ ਪੁਸਤਕ ਵਿਚ ਅੰਕਿਤ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਇਹ *'ਸੰਗੀਤ ਸਾਗਰ'* ਪੁਸਤਕ ਆਉਣ ਵਾਲੇ ਅਨੇਕਾਂ ਸਾਲਾਂ ਲਈ ਸੰਗੀਤ ਖੋਜੀਆਂ ਤੇ ਰਾਗ ਪ੍ਰੇਮੀਆਂ ਲਈ ਵਡਮੁੱਲੀ ਅਗਵਾਈ ਦਾ ਕੰਮ ਕਰਦੀ ਰਹੇਗੀ।

ਇਥੇ ਇਕ ਜ਼ਰੂਰੀ ਗੱਲ ਦਾ ਜ਼ਿਕਰ ਕਰਨਾ ਕੁਥਾਂ ਨਹੀਂ ਹੋਏਗਾ ਕਿ ਰਾਗ ਇਕ ਐਸੀ ਵਿੱਦਿਆ ਹੈ, ਜਿਹੜੀ ਵਿਸਮਾਦਮਈ ਅਵਸਥਾ ਪੈਦਾ ਕਰਦੀ ਹੈ। ਸਵਿਟਰਜ਼ਲੈਂਡ ਵਿਚ ਤਜਰਬਿਆਂ ਨਾਲ ਸਿੱਧ ਕਰ ਦਿੱਤਾ ਗਿਆ ਹੈ ਕਿ ਸੁਰੀਲੇ ਰਾਗ ਦੀ ਰਸੀਲੀ ਆਵਾਜ਼ ਨਾਲ ਕਈ ਬੀਮਾਰੀਆਂ ਦਾ ਇਲਾਜ ਕੀਤਾ ਜਾ ਸਕਦਾ ਹੈ। ਤਰਬੀ ਸਾਜਾਂ ਦੀ ਟੁਣਕਾਰ ਨਾਲ ਉਤਪੰਨ ਹੋਈ ਆਵਾਜ਼ ਨੂੰ ਸੁਣ ਕੇ ਵੀਹ ਪੌਂਡ ਦੁੱਧ ਦੇਣ ਵਾਲੀ ਗਾਂ ਘੱਟੋ ਘੱਟ ਤੀਹ ਪੌਂਡ ਦੁੱਧ ਦੇਵੇਗੀ। ਸੰਗੀਤ ਕਲਾ ਦਾ ਸਤਿਕਾਰ ਕੇਵਲ ਕਲਾ ਵਜੋਂ ਕੀਤਾ ਜਾਵੇ।

ਅੱਜ ਕੱਲ੍ਹ ਦੇ ਕਈ ਪੇਸ਼ਾਵਰ ਰਾਗੀ ਆਮ ਲੋਕਾਂ ਨੂੰ ਖ਼ੁਸ਼ ਕਰਨ ਲਈ ਊਲ ਜਲੂਲ ਗਾਣੇ ਗਾ ਕੇ ਫ਼ਿਲਮੀ ਤਰਜ਼ਾਂ ਦੀ ਨਕਲ ਕਰਕੇ ਰਾਗ ਵਿੱਦਿਆ ਦੀ ਘੋਰ ਬੇਅਦਬੀ ਕਰਦੇ ਨੇ। ਕਿਸੇ ਵੀ ਪੇਸ਼ਾਵਰ ਰਾਗੀ ਨੂੰ ਰਾਗ ਨਾਲ ਪਿਆਰ ਨਹੀਂ ਹੁੰਦਾ, ਉਸ ਨੂੰ ਰਾਗ ਦੀ ਕੋਈ ਕਦਰ ਨਹੀਂ ਹੁੰਦੀ।

ਇਸ ਪੁਸਤਕ ਨੂੰ ਰਚਣ ਦਾ ਵੱਡਾ ਮਨੋਰਥ ਇਹ ਹੈ ਕਿ ਰਾਗ ਦੀ ਮੂਲ ਧਾਰਾ ਨੂੰ ਕਾਇਮ ਰੱਖਿਆ ਜਾਵੇ। ਇਸ ਪੁਸਤਕ ਵਿਚ ਰਾਗ ਗਾਉਣ ਦੇ ਨਿਯਮਾਂ ਤੇ ਹੋਰ ਢੰਗ ਤਰੀਕਿਆਂ ਨੂੰ ਨਿਰੋਲ ਰਾਗ ਦੇ ਰੰਗ ਵਿਚ ਪੇਸ਼ ਕੀਤਾ ਗਿਆ ਹੈ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੀ ਗਈ ਸਾਰੀ ਬਾਣੀ ਖ਼ਾਸ-ਖ਼ਾਸ ਰਾਗਾਂ ਵਿਚ ਉਚਾਰਨ ਕੀਤੀ ਗਈ ਹੈ। ਗੁਰਬਾਣੀ ਦਾ ਪੂਰਨ ਗਿਆਨ ਪ੍ਰਾਪਤ ਕਰਨ ਵਾਸਤੇ ਰਾਗ ਵਿੱਦਿਆ ਦੇ ਮੁਢਲੇ ਨਿਯਮਾਂ ਤੋਂ ਜਾਣੂੰ ਹੋਣਾ ਅਤੀ ਜ਼ਰੂਰੀ ਹੈ। ਇਹ ਪੁਸਤਕ ਇਸ ਜ਼ਰੂਰਤ ਨੂੰ ਪੂਰਾ ਕਰੇਗੀ।

ਇਹ ਇਤਿਹਾਸਕ ਸਚਿਆਈ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਚਮ ਗੁਰੂ ਮਹਾਰਾਜ ਤੱਕ ਸਾਰੇ ਸਤਿਗੁਰਾਂ ਨੇ ਸੰਗੀਤਮਈ ਬਾਣੀ ਉਚਾਰਨ ਕਰਕੇ "ਤਪਤਿ ਮਾਹਿ ਠਾਢਿ ਵਰਤਾਈ॥" ਗੁਰੂ ਅਰਜਨ ਦੇਵ ਜੀ ਮਹਾਰਾਜ ਰਾਗ ਵਿੱਦਿਆ ਵਿਚ ਨਿਪੁੰਨ ਸਨ। ਆਪ ਹਮੇਸ਼ਾ ਰਾਗ ਦੇ

ਨਿਯਮਾਂ ਅਨੁਸਾਰ ਰਾਗ ਦਾ ਗਾਇਨ ਕਰਿਆ ਕਰਦੇ ਸਨ। ਉੱਚ ਕੋਟੀ ਦੇ ਰਾਗੀਆਂ ਨਾਲ ਆਪ ਜੀ ਦਾ ਬਹੁਤ ਪਿਆਰ ਸੀ।

ਰਾਗੀ ਜਸਵੰਤ ਸਿੰਘ ਨੇ ਇਕ ਖ਼ਾਸ ਲਗਨ ਦੇ ਅਧੀਨ ਰਾਗ ਦੇ ਸਾਰੇ ਨਿਯਮਾਂ ਨੂੰ ਅਤੇ ਬੰਧਸ਼ਾਂ ਨੂੰ ਬੜੇ ਸ਼ੌਂਕ ਨਾਲ ਇਕੱਤਰ ਕੀਤਾ ਸੀ। ਇਹ ਖ਼ੁਸ਼ੀ ਦੀ ਗੱਲ ਹੈ ਕਿ ਹੁਣ ਇਨ੍ਹਾਂ ਦੇ ਲਾਇਕ ਬੱਚੇ ਕੁਲਵੰਤ ਕੌਰ, ਹਰਕੀਰਤ ਸਿੰਘ ਅਤੇ ਸ਼ਾਗਿਰਦ ਭਾਈ ਕਰਮ ਸਿੰਘ ਨਿਹੰਗ ਸਿੰਘ ਨੇ ਬਹੁਤ ਉੱਦਮ ਕਰਕੇ ਤੇ ਬਹੁਤ ਸਾਰਾ ਰੁਪਿਆ ਖ਼ਰਚ ਕਰਕੇ ਇਹ ਪੁਸਤਕ ਛਪਵਾ ਦਿੱਤੀ ਹੈ। ਸੰਗੀਤ ਪ੍ਰੇਮੀਆਂ ਲਈ ਇਹ ਪੁਸਤਕ ਇਕ ਨਵੀਂ ਸੇਧ ਪੇਸ਼ ਕਰੇਗੀ। ਪੂਰਨ ਆਸ ਹੈ ਕਿ ਕਦਰਦਾਨ ਪ੍ਰੇਮੀ ਇਸਦੀ ਪੂਰੀ-ਪੂਰੀ ਕਦਰ ਕਰਕੇ ਇਸ ਤੋਂ ਪੂਰਾ-ਪੂਰਾ ਲਾਭ ਉਠਾਉਣਗੇ।

ਜਿਸ ਤਰ੍ਹਾਂ ਰਾਗੀ ਜਸਵੰਤ ਸਿੰਘ ਨੇ ਆਪਣੇ ਜੀਵਨ ਕਾਲ ਵਿਚ ਅਨੇਕਾਂ ਹੀ ਵਿਦਿਆਰਥੀਆਂ ਨੂੰ ਸੰਗੀਤ ਵਿੱਦਿਆ ਦੀ ਦਾਤ ਬਖ਼ਸ਼ੀ ਸੀ। ਹੁਣ ਉਨ੍ਹਾਂ ਦੇ ਦੇਹਾਂਤ ਤੋਂ ਮਗਰੋਂ ਉਨ੍ਹਾਂ ਦੀ ਤਿਆਰ ਕੀਤੀ ਇਹ ਪੁਸਤਕ ਉਸੇ ਤਰ੍ਹਾਂ ਦੀ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਕਰਦੀ ਰਹੇਗੀ।

**ਅਜਮੇਰ ਸਿੰਘ ਐਮ.ਏ.**

ਮਿਤੀ : ੨੪ ਦਸੰਬਰ, ੧੯੯੬ ਪਿੰਡ ਲੋਹਗੜ੍ਹ (ਲੁਧਿਆਣਾ)

# ਸ਼ਰਧਾਂਜਲੀ

*'ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥*
*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥'*

[ਵਡਹੰਸੁ ਮਹਲਾ ੧, ਅੰਗ–੫੫੮]

ਨਿਰਬਾਣ ਕੀਰਤਨ ਕਰਨ ਵਾਲੇ ਟਕਸਾਲੀ ਕੀਰਤਨੀਏ ਭਾਈ ਸਾਹਿਬ **ਭਾਈ ਜਸਵੰਤ ਸਿੰਘ ਜੀ ਰਾਗੀ**, ਜਿਨ੍ਹਾਂ ਨੂੰ ਅਪਰੰਪਰ ਪਾਰਬ੍ਰਹਮ ਨੇ ਕੀਰਤਨ ਦੀ ਦਾਤ ਧੁਰੋਂ ਹੀ ਬਖ਼ਸ਼ ਕੇ ਨਿਵਾਜਿਆ ਹੋਇਆ ਸੀ। ਤਾਹੀਉਂ ਇਹ ਦਾਤ ਵੰਡਣ ਵਿਚ ਉਨ੍ਹਾਂ ਨੂੰ ਕੋਈ ਸੰਕੋਚ ਨਹੀਂ ਸੀ। ਗੁਰਮਤਿ ਦੇ ਧਾਰਨੀ ਰਾਗੀ ਜੀ ਨੂੰ ਮੈਂ ਜਦੋਂ ਵੀ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਤੇ ਮਸਤੂਆਣਾ ਵਿਚ ਕੀਰਤਨ ਕਰਦਿਆਂ ਅਤੇ ਸਿਖਾਉਂਦਿਆਂ ਵੇਖਿਆ ਤਾਂ ਉਨ੍ਹਾਂ ਦੇ ਚਿਹਰੇ 'ਤੇ ਅਜਬ ਰੰਗਣ ਸੀ। ਰਾਗੀ ਜੀ ਨੂੰ ਇਹ ਕਹਿੰਦਿਆ ਸੁਣਿਆ, "ਕੀਰਤਨ ਦਾ ਵਣਜ ਕਰਨ ਲਈ ਹੀ ਤਾਂ ਦਾਤੇ ਨੇ ਸਾਨੂੰ ਭੇਜਿਆ ਹੈ।" ਜਦੋਂ ਵੀ ਕੀਰਤਨ ਦਰਬਾਰਾਂ 'ਤੇ ਅਸਾਂ ਉਨ੍ਹਾਂ ਨੂੰ ਬੁਲਾਇਆ ਤਾਂ ਖ਼ੁਸ਼ੀ ਨਾਲ ਆ ਕੇ ਸੰਗਤਾਂ ਨੂੰ ਕੀਰਤਨ ਸੁਣਾਇਆ ਕਰਦੇ ਸਨ। ਜੋ ਬੰਧਸ਼ਾਂ ਉਹ ਆਪ ਸੰਗਤਾਂ ਨੂੰ ਸੁਣਾਇਆ ਕਰਦੇ ਸੀ, ਉਹੀ ਅੱਜ ਸਿੱਖ ਸੰਗਤਾਂ ਦੀ ਭੇਟਾ ਇਕ ਕਿਤਾਬ ਦੀ ਸ਼ਕਲ ਵਿਚ ਸਾਡੇ ਸਾਹਮਣੇ ਹੈ। ਜਿਸਦਾ ਉਪਰਾਲਾ ਸਮੁੱਚੇ ਪਰਿਵਾਰ ਦੀ ਦੇਣ ਹੈ। ਇਹ ਗੱਲ ਕਹਿੰਦਿਆਂ ਮੈਂ ਖ਼ੁਸ਼ੀ ਮਹਿਸੂਸ ਕਰਦਾ ਹਾਂ ਕਿ ਭਾਵੇਂ ਅੱਜ ਰਾਗੀ ਜਸਵੰਤ ਸਿੰਘ ਜੀ ਸਰੀਰ ਰੂਪ ਵਿਚ ਸਾਡੇ ਦਰਮਿਆਨ ਨਹੀਂ ਹਨ। ਪਰ ਉਨ੍ਹਾਂ ਦੀਆਂ ਇਹ ਬੰਧਸ਼ਾਂ ਦੀ ਖੇਪ ਸਾਥੋਂ ਕਦੇਂ ਵੀ ਨਹੀਂ ਮੁੱਕਣੀ, ਜੋ ਇਸ ਪਰਿਵਾਰ ਨੇ ਉੱਦਮ ਕਰਕੇ ਸੂਝ ਨਾਲੋਂ ਵੀ ਉਚੇਰੀ ਚੰਗੇਰ ਨੂੰ ਟੁੰਬਿਆ ਹੈ।

ਜਿਸਦਾ ਸਿੱਖ ਸੰਗਤ ਅਤੇ ਸਿੱਖ ਕੀਰਤਨੀ, ਵਿਦਿਆਰਥੀਆਂ ਲਈ ਇਕ ਬਹੁਤ ਵੱਡਾ ਉਪਕਾਰ ਹੈ, ਜੋ ਰਾਗੀ ਜੀ ਨੂੰ ਸਦਾ ਯਾਦ ਰੱਖਣ ਵਿਚ ਮੱਦਦ ਕਰੇਗਾ।

**—ਗਿਆਨੀ ਭਗਤ ਸਿੰਘ**

ਗੁਰਮੁਖ ਸਿੰਘ ਐਂਡ ਸੰਨਜ਼, ਲੁਧਿਆਣਾ

# ਗੁਰਮਤਿ ਕੀਰਤਨ ਦੀ ਦੌਧਰ ਵਾਲੀ ਟਕਸਾਲ

ਜਿਥੇ ਮਾਲਵੇ ਦੀ ਧਰਤੀ ਨੂੰ ਸੰਤ ਪੈਦਾ ਕਰਨ ਦਾ ਮਾਣ ਹੈ, ਉਥੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ 'ਚਰਨ ਛੋਹ' ਮਾਨਣ ਦਾ ਵੀ ਵੱਧ ਮਾਣ ਹੈ। ਇਸੇ ਹੀ ਧਰਤੀ 'ਤੇ ਵੱਡਾ ਡੇਰਾ ਪਿੰਡ ਦੌਧਰ ਨੂੰ ਨਿਰਮਲੇ ਸੰਤ ਸੁਧਾ ਸਿੰਘ ਜੀ (ਠਾਕੁਰ) ਦੀ ਦੇਣ ਹੈ। ਜਿਨ੍ਹਾਂ ਦੀ ਗੱਦੀ 'ਤੇ ਸੰਤ ਮੰਗਲ ਸਿੰਘ ਜੀ ਹੋਏ ਹਨ। ਇਨ੍ਹਾਂ ਤੋਂ ਬਾਅਦ ਸੰਤ ਵੀਰ ਸਿੰਘ ਜੀ ਰਾਗੀ ਹੋਰਾਂ ਨੇ ਜਿਥੇ ਇਹ ਵਿਦਿਆਲਾ ਸੰਸਕ੍ਰਿਤ ਪੜ੍ਹਾਉਣ ਦਾ ਕੇਂਦਰ ਸੀ, ਨੂੰ ਭਰਪੂਰ ਯਤਨਾਂ ਨਾਲ ਸਿੱਖਾਂ ਵਿਚ ਕੀਰਤਨ ਵੰਡਣ ਲਈ ਯੋਗ ਉਪਰਾਲਾ ਕੀਤਾ। ਦੌਧਰ ਗੁਰਮਤਿ ਕੀਰਤਨ ਦੀ ਪਹਿਲੀ ਟਕਸਾਲ ਹੈ, ਜਿਥੋਂ ਬਾਕੀ ਕੀਰਤਨ ਦੀਆਂ ਅਨੇਕ ਟਕਸਾਲਾਂ ਹੋਂਦ ਵਿਚ ਆਈਆਂ।

ਬਹੁਤ ਦੂਰ ਦੂਰ ਤੋਂ ਵਿਦਿਆਰਥੀ ਇਥੋਂ ਵਿੱਦਿਆ ਪ੍ਰਾਪਤ ਕਰਦੇ ਰਹੇ ਅਤੇ ਇਥੋਂ ਹੀ ਸ੍ਰੀ ਹਰਿਮੰਦਰ ਸਾਹਿਬ ਵਾਸਤੇ ਰਾਗੀ ਸਿੰਘ ਕੀਰਤਨ ਦੀ ਸੇਵਾ ਲਈ ਭੇਜੇ ਜਾਂਦੇ ਸਨ। ਇਥੇ ਟਕਸਾਲ ਨੇ ਐਸੇ ਰਾਗੀ ਪੈਦਾ ਕੀਤੇ, ਜੋ ਚੋਟੀ ਦੇ ਵਿਦਵਾਨ ਸਨ, ਜਿਵੇਂ ਮਹੰਤ ਗੱਜਾ ਸਿੰਘ ਜੀ, ਬਾਬਾ ਖ਼ੁਸ਼ਹਾਲ ਸਿੰਘ ਜੀ, ਰਾਗੀ ਹੀਰਾ ਸਿੰਘ ਜੀ, ਭਾਈ ਦਲ ਸਿੰਘ ਜੀ, ਭਾਈ ਜੈਮਲ ਸਿੰਘ ਜੀ, ਬਾਬਾ ਹਰਮੋਹਨ ਸਿੰਘ ਜੀ ਗਗੜਾ ਆਦਿ ਜੋ ਇਸੇ ਕੀਰਤਨ ਟਕਸਾਲ ਦੇ ਵਿਦਿਆਰਥੀ ਸਨ, ਅਤੇ ਇਥੇ ਕੀਰਤਨ ਸਿਖਾਉਂਦੇ ਵੀ ਸਨ।

ਇਥੋਂ ਹੀ ਰਾਗੀ ਜਸਵੰਤ ਸਿੰਘ ਜੀ ਕੁਲਾਰ ਨੇ ਤੰਤੀ ਸਾਜਾਂ ਦੀ ਵਿੱਦਿਆ ਅਤੇ ਕੀਰਤਨ ਦੀ ਦਾਤ ਪ੍ਰਾਪਤ ਕੀਤੀ। ਜਿਥੇ ਇਸ ਕਲਾ ਵਿਚ ਆਪ ਨਿਪੁੰਨ ਹੋਏ ਉਥੇ ਨਾਲ ਨਾਲ ਅਨੇਕਾਂ ਵਿਦਿਆਰਥੀਆਂ ਨੂੰ ਇਹ ਦਾਤ ਵੰਡੀ, ਖ਼ਾਸ ਕਰਕੇ ਸੂਰਮੇ ਸਿੰਘਾਂ ਨੂੰ ਆਪਣੇ ਪਾਸ ਰਖ ਕੇ ਉਨ੍ਹਾਂ ਦੀ ਸਾਰੀ ਕਿਰਿਆ ਦਾ ਪ੍ਰਬੰਧ, ਬਾਣੀ ਯਾਦ ਕਰਵਾਉਣੀ ਅਤੇ ਕੀਰਤਨ ਸਿਖਾਉਣਾ ਆਪਣਾ ਫ਼ਰਜ਼ ਜਾਣ ਕੇ ਇਸ ਸੁਭਾਗ ਸਮੇਂ ਨੂੰ ਪਿਆਰ ਨਾਲ ਨਿਭਾਇਆ। ਐਸੇ ਮਹਾਨ ਕੀਰਤਨੀਏ ਭਾਈ ਜਸਵੰਤ ਸਿੰਘ ਜੀ ਸਨ। ਜਿਨ੍ਹਾਂ ਦੀ ਖ਼ਾਸ ਵਿਸ਼ੇਸ਼ਤਾ ਕੀਰਤਨ ਨੂੰ ਤੰਤੀ ਸਾਜ ਵਜਾ ਕੇ ਕਰਨ ਦੀ ਸੀ ਅਤੇ ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਕੀਰਤਨ ਕਰਨ ਤੇ ਸਿਖਾਉਣ ਹਿਤ ਲਾ ਦਿੱਤਾ।

—ਪ੍ਰੋ. **ਰਣਜੀਤ ਸਿੰਘ** *ਐਮ.ਏ. ਮਿਊਜ਼ਕ*
ਜੀ.ਮੀ.ਡਬਲਯੂ., ਲੁਧਿਆਣਾ

# ਸੁਰ ਲਿੱਪੀਆਂ ਦੇ ਚਿੰਨ੍ਹ

| ਤਿੰਨ ਸਪਤਕ | ਮੰਦ੍ਰ ਸਪਤਕ | ਮਧਯ ਸਪਤਕ | ਤਾਰ ਸਪਤਕ |
|---|---|---|---|
| ਸ਼ੁਧ ਸੁਰ | ਸ̣ ਰ̣ ਗ̣ ਮ̣ ਪ̣ ਧ̣ ਨ̣ | ਸ ਰ ਗ ਮ ਪ ਧ ਨ | ਸਂ ਰਂ ਗਂ ਮਂ ਪਂ ਧਂ ਨਂ |
| ਕੋਮਲ ਸੁਰ / ਤੀਬਰ ਮਧਮ | ਰੁ̣ ਗੁ̣ ਮ̣॑ ਧੁ̣ ਨੁ̣ | ਰੁ ਗੁ ਮ॑ ਧੁ ਨੁ | ਰੁਂ ਗੁਂ ਮ॑ਂ ਧੁਂ ਨੁਂ |

ਪ — — ਉਸੀ ਸੁਰ 'ਤੇ ਓਨੀਆਂ ਮਾਤ੍ਰਾਂ ਹੋਰ ਵਜਾਓ; ਜਿਵੇਂ : ਪਾ ਪਾ ਪਾ।

ਰੇ S S ਅੱਖਰਾਂ ਨੂੰ ਲੰਬਾ ਕਰਨ ਲਈ; ਜਿਵੇਂ : ਰੇ ਏ ਏ।

ਧਪਮਪ ਦੋ ਯਾਂ ਵਧੀਕ ਇਕੱਠੇ ਸੁਰ ਇਕ ਮਾਤ੍ਰ ਵਿਚ ਵਜਾਓ।

X — ਸਮ, ਜਾਂ ਗੁਰ ਜਿਥੋਂ ਤਾਲ ਸ਼ੁਰੂ ਹੋਵੇ।

੧-੨-੩ — ਤਾਲੀ ਦੇ ਚਿੰਨ੍ਹ

o — ਖ਼ਾਲੀ

* * / * * (ਸ / *) ਚੁੱਪ ਰਹਿਣ ਲਈ; ਸਿਰਫ਼ ਸਾਜ ਵਜਾਓ।

ਗ / ਮ ਉੱਤਲੀ ਸੁਰ ਛੋਹ ਕੇ ਹੇਠਲੀ ਸੁਰ ਵਜਾਓ ਤਾਂ ਗਾਓ, ਇਸ ਨੂੰ ਕਣ ਆਖਦੇ ਹਨ।

(ਮ) ਉੱਤਲੀ ਸੁਰ ਤੇ ਹੇਠਲੀ ਸੁਰ ਨਾਲ ਵਜਾਓ। ਜਿਵੇਂ : ਪਮਗਮ ਇਕ ਮਾਤਰਾ ਵਿਚ।

ਸ — / S S / ਤੇ ਰੇ ਪਹਿਲੀ ਵਾਰ ਖ਼ਾਲੀ ਮਾਤ੍ਰਾ ਵਜਾਓ ਤੇ ਦੂਜੀ ਵਾਰ ਗਾਉਣ ਵੇਲੇ ਅੱਖਰ ਬੋਲੋ।

ਧਪ ਮ / ਧਮ ਪਮ ਅੱਧੇ ਮਾਤਰੇ ਵਿਚ ਧਪ , ਅੱਧੇ ਵਿਚ ਮ। ਧਮਪਮ ਜਾਂ ਧਪਮਮ।

# ਇਸ ਪੁਸਤਕ ਵਿਚ ਆਏ ਤਾਲਾਂ ਦੇ ਠੇਕੇ ਦੇ ਬੋਲ

੧. ਛੋਟਾ ਕਹਿਰਵਾ (੪ ਮਾਤਰਾਂ) :—

| | | | |
|---|---|---|---|
| X | | ੦ | |
| ਧਾ | ਤਿੰ | ਨਾਨਾ | ਧਿੰ |
| X | | ੦ | |
| ਧਾਗੇ | ਤਾਤੀ | ਨਾਗੇ | ਧਾਤੀ |

੨. ਵੱਡਾ ਕਹਿਰਵਾ (੮ ਮਾਤਰਾਂ) :—

| | | | | | | | |
|---|---|---|---|---|---|---|---|
| X | | | | ੦ | | | |
| ਧਾ | ਤਿਟ | ਤੇ | ਟ | ਤਾ | ਤਿਟ | ਤੇ | ਟ |
| X | | | | ੦ | | | |
| ਧਾ | ਗੇਗੇ | ਨਗ | ਧਿਨਾ | ਧਾ | ਕੱਤੀਂ | ਨਾਨਾ | ਤਿਟਕਿਟ |

੩. ਦਾਦਰਾ (੬ ਮਾਤਰਾਂ) :—

| | | | | | |
|---|---|---|---|---|---|
| X | | | ੦ | | |
| ਧਾ | ਧਿੰ | ਨਾ | ਧਾ | ਤਿੰ | ਨਾਨਾ |

੪. ਰੂਪਕ ਜਾਂ ਢਾਈ ਤਾਲ (੭ ਮਾਤਰਾਂ) :—

| | | | | | | |
|---|---|---|---|---|---|---|
| ੦ X | | | ੨ | | ੩ | |
| ਤੀਂ | ਤੀਂ | ਨਾਨਾ | ਧਿੰ | ਨਾਨਾ | ਧਿੰ | ਨਾਨਾ |

੫. ਤਿੰਨ ਤਾਲ (੧੬ ਮਾਤਰਾਂ) :—

| | | | | | | | |
|---|---|---|---|---|---|---|---|
| X | | | | ੨ | | | |
| ਧਾ | ਧਿੰ | ਧਿੰ | ਧਾ | ਧਾ | ਧਿੰ | ਧਿੰ | ਧਾ |
| ੦ | | | | ੩ | | | |
| ਧਾਗੇ | ਤਿਟਕਿਟ | ਤਿੰ | ਤਾ | ਤਾ | ਧਿੰ | ਧਿੰ | ਧਾ |

੬. ਇਕ ਤਾਲ (੧੨ ਮਾਤਰਾਂ) :—

| | | | | | |
|---|---|---|---|---|---|
| X | | ੦ | | ੨ | |
| ਧਿੰ | ਧਿੰ | ਧਾਗੇ | ਤਿਟਕਿਟ | ਤੂੰ | ਨਾ |
| ੦ | | ੩ | | ੪ | |
| ਟੇ | ਤੀਂ | ਧਾਗੇ | ਤਿਟਕਿਟ | ਧਿੰ | ਨਾਨਾ |

੭. ਝੱਬ ਤਾਲ (੧੦ ਮਾਤਰਾਂ) :—

| | | | | |
|---|---|---|---|---|
| X | | ੨ | | |
| ਧੀਂ | ਨਾ | ਧੀਂ | ਧੀਂ | ਨਾ |
| ੦ | | ੩ | | |
| ਤੀਂ | ਨਾ | ਧੀਂ | ਧੀਂ | ਨਾਨਾ |

੮. ਸੂਲਫ਼ਾਗ (੧੦ ਮਾਤਰਾਂ) :—

| | | | | | |
|---|---|---|---|---|---|
| X | | ੦ | | ੨ | |
| ਧਿੰ | ਤਿਟਕਿਟ | ਧੀਂ | ਨਾ | ਗੇ | ਤੀਂ |
| ੦ | | ੩ | | | |
| ਧਾ | ਧਾ | ਤੂ | ਨਾ | | |

੯. ਊਂਟਾ (੧੦½ ਮਾਤਰਾਂ) :—

| | | | | | | | | | | |
|---|---|---|---|---|---|---|---|---|---|---|
| X | | ੦ | | ੨ | | ੩ | | ੦ | | ½ |
| ਧਿੰ | ਤਿਟਕਿਟ | ਧੀਂ | ਨਾ | ਗੇ | ਤੀਂ | ਧਾ | ਧਾ | ਤੂ | ਨਾ | S |

੧੦. ਦੀਪਚੰਦੀ (੧੪ ਮਾਤਰਾਂ) :— x ਧਾ ਧੀਂ S | ੨ ਧਾ ਗੇ ਤੀਂ S
੦ ਤਾ ਤੀਂ S | ੩ ਧਾ ਗੇ ਧੀਂ S

੧੧. ਕੈਦ ਫਰੋਦਸਤ (੧੯ ਮਾਤਰਾਂ) :—
x ਧਿੰ ਤਾ ਕਤ | ੦ ਤਿੰ ਤਾ ਤਿਟਕਿਟ | ੨ ਧਿੰ ਤਾ | ੩ ਕੱ ਤਾ | ੪ ਤਿਟਕਿਟ ਤੂਨਾ
੫ ਧੀਧੀ ਨਗ ਧੀਧੀ | ੬ ਨਗ ਧੀਂ ਧਿੰਤਾ ਕਤ

੧੨. ਜੈ ਮੰਗਲ (੧੩ ਮਾਤਰਾਂ) :—
x ਧਿੰ ਤਿਟਕਿਟ | ੨ ਧਿੰ ਧਿੰ | ੩ ਧਾ ਟੇ | ੪ ਤੀਂ | ੫ ਤਿਟਕਿਟ | ੬ ਧਿੰਨਾ ਗਿੰਨਾ
੭ ਧਾਗੇ | ੮ ਤੀਧਾ | ੯ ਤਿਟਕਿਟ

੧੩. ਗਣੇਸ਼ (੧੧ ਮਾਤਰਾਂ) :—
x ਧਿੰ ਤਿਟਕਿਟ ਧਿੰ | ੨ ਧਿੰ ਧਾ | ੦ ਧਾ ਟੇ | ੩ ਤੀਂ ਧਾਗੇ | ੪ ਤੀਧਾਂ ਤਿਟਕਿਟ

੧੪. ਸਾਰ ਤਾਲ (੮ ਮਾਤਰਾਂ) :— x ਧਾ ਤਿੰ | ੦ ਨਾਨਾ ਧਿੰ | ੨ ਧਾ ਧਾ | ੩ ਕਤਾ ਤਿਟਕਿਟ

੧੫. ਮਤ ਤਾਲ (੯ ਮਾਤਰਾਂ) :—
x ਧੀਂ ਨਾ | ੨ ਧੀਂ ਧੀਂ ਨਾ | ੩ ਤਿਟਕਿਟ ਧਾਤਿਟ ਕਿਟਧਾ ਤਿਟਕਿਟ

੧੬. ਧਮਾਰ ਤਾਲ (੧੪ ਮਾਤਰਾਂ) :—
x ਕੈ ਧਿ ਟ ਧਿ ਟ | ੨ ਧਾ S | ੨ ਗੇ ਤਿ ਟ | ੩ ਤਿ ਟ ਤਾ S

੧੭. ਫਰੋਦਸਤ (੧੪ ਮਾਤਰਾਂ) :—
x ਧਿੰ ਤਿਟਕਿਟ | ੦ ਧਿੰ ਧਿੰ | ੨ ਧਾ ਧਾ | ੩ ਟੇ ਤੀਂ | ੪ ਧਾਤਿਟ ਕਿਵਧੇ
੫ ਨਕ ਧਾਤਿਟ | ੦ ਕਿਵਧੇ ਨੱਕ

੧੮. ਚਾਰ ਤਾਲ (੧੨ ਮਾਤਰਾਂ) :— x ਧਾ ਧਾ | ੦ ਦੂੰ ਤਾ | ੨ ਕਿਟ ਧਾ | ੦ ਦੂੰ ਤਾ | ੩ ਤਿਟ ਕੱਤਾ
੪ ਗਿਦੀ ਗਨ

੧੯. ਇੰਦਰ ਤਾਲ (੧੯ ਮਾਤਰਾਂ) :—

X | ੨ | ੩
ਧੀਂ ਤਾ ਕ | ਧੀਂ ਧੀਂ ਧਾ ਧਾ | ਤਿ ਟ ਧੀਂ ਧੀਂ

੪ | ੫ | ੬
ਧਾ ਧੀਂ ਧੀਂ ਧਾ | ਧੀਂ ਧਾਗੇ | ਨਧਾ ਤਿਰਕੜ

੨੦. ਸ਼ਿਖਰ ਤਾਲ (੧੮ ਮਾਤਰਾਂ) :—

X | ੦ | ੨
ਧੀਂ ਧੀਂ ਧਾਗੇ ਤਿਟਕਿਟ | ਤੂ ਨਾ ਕੱ ਤਾ | ਧੀਂ ਨਾ

੩ | ੪
ਤਿਟਕਿਟ ਤੂ ਨਾ | ਧਾਗੇ ਤਿਟਕਿਟ ਧੀਂ ਨਾ

੨੧. ਗਜ ਝੰਪਾ (੧੫ ਮਾਤਰਾਂ) :—

X | ੨ | ੦
ਧਾS ਧਿੰਨ ਨਕ ਤਕ | ਧਾS ਧਿੰਨ ਨਕ ਤਕ | ਤਿੰਨ ਨਕ ਤਕ

੩
ਤਿਟ ਕਤਾ ਗਦੀ ਗਿਨਾ

੨੨. ਗਜ ਲੀਲ੍ਹਾ (੧੭ ਮਾਤਰਾਂ) :—

X | ੨ | ੩
ਧਾ ਕਿਟ ਘੇ ਤਾ | ਤਾ ਤਿਟ ਘਿਨ ਨਕ | ਗਦੀ ਕਤ ਤਿਟ

੪ | ੫ | ੬
ਕਤ ਧੁਮ | ਕਿਟ ਤਕ | ਘਦੀ ਗਿਨ

੨੩. ਆਢਾ ਚੌਤਾਲਾ (੧੪ ਮਾਤਰਾਂ) :—

X | ੨ | ੦ | ੩ | ੦
ਧਿੰ ਤਿਟਕਿਟ | ਧੀ ਨਾ | ਤੂ ਨਾ | ਕੱ ਤਾ | ਤਿਟਕਿਟ ਧਿੰ

੪ | ੦
ਨਾ ਧੀ | ਧੀ ਨਾ

੨੪. ਅਸ਼ਟ ਮੰਗਲ (੨੨ ਮਾਤਰਾਂ) :—

X | ੨ | ੩ | ੪
ਧਾ S ਕਿ ਟ | ਤ ਕ | ਧੁ ਮ ਕਿ ਟ | ਤ ਕ

੫ | ੬ | ੭ | ੮
ਗੇ S ਤਾ S | ਤ ਕ | ਘ ਦੀ | ਗਿ ਨਾ

੨੫. ਸਵਾਰੀ ਪੰਜ ਤਾਲ (੧੫ ਮਾਤਰਾਂ) :—

X ਧੀਂ ਤਾਧਿੰ ਙਤਾ | ੨ ਧਿੰ ਤਿਟਕਿਟ ਧੀ ਨਾ | ੩ ਟੇ ਤੀਂ ਤਿਟਕਿਟ ਧਿੰਨਾ

੪ ਗਿੰਨਾ ਧਾਗੇ | ੫ ਤੀਂਧਾ ਤਿਟਕਿਟ

੨੬. ਪੰਜਾਬੀ ਠੇਕਾ (੧੬ ਮਾਤਰਾਂ) :—

X ਧਾ ਗੇਧੀਂ ਙਗੇ ਧਾ | ੨ ਧਾ ਗੇਧੀਂ ਙਗੇ ਧਾ | ੦ ਤਾ ਕੇਤੀਂ ਙਕੇ ਤਾ

੩ ਧਾ ਗੇਧੀਂ ਙਗੇ ਧਾ

੨੭. ਤਲਵਾੜਾ (੧੬ ਮਾਤਰਾਂ) :—

X ਧਾ ਤ੍ਰਿਕ ਧਿੰ ਧਿੰ | ੨ ਧਾ ਧਾ ਧਿੰ ਧਿ | ੦ ਤਾ ਤ੍ਰਕ ਤਿੰ ਤਿੰ

੩ ਧਾ ਧਾ ਧਿੰ ਧਿੰ